PANJAB TIMES
Free
# ਪੰਜਾਬ ਟਾਈਮਜ਼
ਪੰਜਾਬੀਆਂ ਦੇ ਹੱਕਾਂ ਦਾ ਪਹਿਰੇਦਾਰ
FORTNIGHTLY
Europe's Leading Panjabi Weekly Since 1965
Panjab Times, Bridle Gate Lane, Derby, DE24 0QW (UK) • Tel: 01332 372851 or 07966 388388 • www.panjabtimes.uk • Email: panjabtimes@aol.com

IMMIGRATION ADVICE BUREAU
SPECIALISTS ESTD 1989
FOR FREE INITIAL ADVICE
Contact:
S.S.RAI
ਇਮੀਗ੍ਰੇਸ਼ਨ ਸਬੰਧੀ ਸਲਾਹ ਲਈ ਅੱਜ ਹੀ ਸੁਖਜਿੰਦਰ ਸਿੰਘ ਰਾਏ ਨੂੰ ਫੋਨ ਕਰੋ!

Tel: 020 8571 6680
India:+91-181 5086389

# ਪੰਜਾਬ ਦਾ ਭੂਜਲ 2039 ਤੱਕ 300 ਮੀਟਰ ਤੱਕ ਹੇਠਾਂ ਡਿੱਗਣ ਦੀ ਉਮੀਦ

## ✪ ਹਾਈ ਕੋਰਟ ਨੇ ਪੰਜਾਬ ਸਰਕਾਰ ਨੂੰ ਨੋਟਿਸ ਜਾਰੀ ਕਰ ਕੇ ਕੀਤਾ ਜਵਾਬ ਤਲਬ ✪ ਕੇਂਦਰੀ ਭੂਜਲ ਅਥਾਰਟੀ ਵੱਲੋਂ 2020 ਦੇ ਭੂਜਲ ਮੁਲਾਂਕਣ ਵਿਚ ਦਸਿਆ ਕਿ ਪੰਜਾਬ ਵਿਚ ਭੂਜਲ ਸਰੋਤਾਂ ਦਾ ਦੁਰਪ੍ਰਯੋਗ ਹੋਇਆ

ਚੰਡੀਗੜ੍ਹ-ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਪੰਜਾਬ 'ਚ ਧਰਤੀ ਹੇਠਲੇ ਪਾਣੀ ਦੀ ਸੁਰੱਖਿਆ 'ਤੇ ਜਨਵਰੀ 2023 'ਚ ਜਾਰੀ ਦਿਸ਼ਾ-ਨਿਰਦੇਸ਼ਾਂ ਨੂੰ ਚੁਣੌਤੀ ਦੇਣ ਵਾਲੀ ਪਟੀਸ਼ਨ 'ਤੇ ਪੰਜਾਬ ਸਰਕਾਰ, ਪੰਜਾਬ ਜਲ ਸਰੋਤ ਵਿਕਾਸ ਏਜੰਸੀ ਤੇ ਕੇਂਦਰੀ ਭੂਮੀਗਤ ਜਲ ਅਥਾਰਟੀ ਨੂੰ ਨੋਟਿਸ ਜਾਰੀ ਕਰ ਕੇ ਜਵਾਬ ਤਲਬ ਕੀਤਾ ਹੈ।

ਹਾਈ ਕੋਰਟ ਦੇ ਕਾਰਜਕਾਰੀ ਚੀਫ ਜਸਟਿਸ ਜੀਐੱਸ ਸੰਧਾਵਾਲੀਆ ਤੇ ਜਸਟਿਸ ਲੁਪਿਤਾ ਬੈਨਰਜੀ ਦੇ ਬੈਂਚ ਨੇ ਇਹ ਆਦੇਸ਼ ਪੰਚਕੂਲਾ ਵਾਸੀ ਧਰੁਵ ਚਾਵਲਾ ਵੱਲੋਂ ਦਾਇਰ ਪਟੀਸ਼ਨ 'ਤੇ ਜਾਰੀ ਕੀਤਾ। ਚਾਵਲਾ ਨੇ ਆਪਣੀ ਪਟੀਸ਼ਨ 'ਚ ਦਲੀਲ ਦਿੱਤੀ ਕਿ ਪੰਜਾਬ ਗਰਾਊਂਡ ਵਾਟਰ ਐਕਸਟੈਂਸ਼ਨ ਐਂਡ ਕੰਜ਼ਰਵੇਸ਼ਨ ਡਾਇਰੈਕਸ਼ਨ 2023 'ਚ ਜਲ ਸੁਰੱਖਿਆ ਦੇ ਆਪਣੇ ਐਲਾਨੇ ਉਦੇਸ਼ ਨੂੰ ਪ੍ਰਾਪਤ ਕਰਨ ਵਿਚ ਅਸਫਲ ਰਿਹਾ ਹੈ ਅਤੇ ਇਹ ਪੰਜਾਬ ਜਲ ਸਰੋਤ ਪ੍ਰਬੰਧਨ ਅਤੇ ਰੈਗੂਲੇਸ਼ਨ ਐਕਟ ਦੀ ਉਲੰਘਣਾ ਹੈ ਪਟੀਸ਼ਨ ਵਿਚ ਚਿੰਤਾ ਜ਼ਾਹਰ ਕੀਤੀ ਹੈ ਕਿ ਪੰਜਾਬ ਪਹਿਲਾਂ ਤੋਂ ਹੀ ਧਰਤੀ ਹੇਠਲੇ ਪਾਣੀ ਦੇ ਸੰਕਟ ਦਾ ਸਾਹਮਣਾ ਕਰ ਰਿਹਾ ਹੈ। ਪਟੀਸ਼ਨ ਵਿਚ ਦੱਸਿਆ ਗਿਆ ਕਿ ਕੇਂਦਰੀ ਭੂਜਲ ਅਥਾਰਟੀ ਵੱਲੋਂ 2020 ਦੇ ਬਲਾਕ ਵਾਈਜ ਭੂਜਲ ਮੁਲਾਂਕਣ ਵਿਚ ਪਾਇਆ ਗਿਆ ਕਿ ਪੰਜਾਬ ਦੇ ਜ਼ਿਆਦਾਤਰ ਜ਼ਿਲ੍ਹਿਆਂ ਨੇ ਆਪਣੇ ਭੂਜਲ ਸਰੋਤਾਂ ਦਾ ਅਤਿ ਆਧੁਨਿਕ ਉਪਯੋਗ ਕੀਤਾ ਹੈ। ਪਟੀਸ਼ਨ ਵਿਚ ਤਾਂ ਕੇਂਦਰੀ ਭੂਜਲ ਬੋਰਡ ਦੇ ਹਵਾਲੇ ਨਾਲ ਦੱਸਿਆ ਗਿਆ ਕਿ ਪੰਜਾਬ ਦਾ ਭੂਜਲ 2039 ਤੱਕ 300 ਮੀਟਰ ਤੱਕ ਹੇਠਾਂ ਡਿੱਗਣ ਦੀ ਉਮੀਦ ਹੈ।



ਪਟੀਸ਼ਨ ਵਿਚ ਦੱਸਿਆ ਗਿਆ ਹੈ ਕਿ ਅਥਾਰਟੀ ਵੱਲੋਂ ਜਲ ਸੁਰੱਖਿਆ ਲਈ ਤਿਆਰ ਕੀਤੀ ਗਈ ਪ੍ਰਣਾਲੀ ਦੂਰ-ਦੂਰ ਤੱਕ ਪ੍ਰਭਾਵਸ਼ਾਲੀ ਨਹੀਂ ਹੈ, ਕਿਉਂਕਿ ਜਲ ਕਰਜ਼ੇ ਦੇ ਰੂਪ ਵਿਚ ਦਿੱਤੀ ਜਾਣ ਵਾਲੀ ਛੋਟ ਦੀ ਰਾਸ਼ੀ ਕਾਫੀ ਘੱਟ ਹੈ। ਇਸ ਨਾਲ ਉਦਯੋਗ ਟ੍ਰੀਟਿਡ ਪਾਣੀ ਨੂੰ ਸਿੰਚਾਈ ਖੇਤਰ ਨੂੰ ਮੁਹੱਈਆ ਨਹੀਂ ਕਰਵਾ ਰਹੇ ਹਨ। ਦਰਅਸਲ, ਉਨ੍ਹਾਂ ਨੂੰ ਉਕਤ ਪ੍ਰੈਕਟਿਸ ਜਾਰੀ ਰੱਖਣ ਲਈ ਛੋਟ/ਕ੍ਰੈਡਿਟ ਦੇ ਰੂਪ ਵਿਚ ਕੋਈ ਪ੍ਰੋਤਸਾਹਨ ਨਹੀਂ ਦਿੱਤਾ ਗਿਆ ਹੈ।

ਪੰਜਾਬ ਜਲ ਸਰੋਤ ਵਿਕਾਸ ਏਜੰਸੀ ਨੇ ਸ਼ੁਰੂਆਤ 'ਚ 2020 'ਚ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਸਨ। ਜਨਤਕ ਇਤਰਾਜ਼ਾਂ 'ਤੇ ਵਿਚਾਰ ਕਰਨ ਤੋਂ ਬਾਅਦ ਉਨ੍ਹਾਂ ਨੇ ਇਸ ਸਾਲ ਦੇ ਸ਼ੁਰੂ ਵਿਚ ਅੰਤਿਮ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਜਿਨ੍ਹਾਂ ਨੂੰ ਪਟੀਸ਼ਨ 'ਚ ਚੁਣੌਤੀ ਦਿੱਤੀ ਗਈ ਹੈ। ਦਿਸ਼ਾ-ਨਿਰਦੇਸ਼ਾਂ ਵਿਚ ਸ਼ੁਰੂ 'ਚ ਖੇਤੀ 'ਚ ਲਾਗੂ ਕੀਤੀਆਂ ਜਾਣ ਵਾਲੀਆਂ ਜਲ ਬਚਤ ਯੋਜਨਾਵਾਂ ਦੀਆਂ ਮੱਦਾਂ ਸ਼ਾਮਲ ਸਨ। ਦਿਸ਼ਾ-ਨਿਰਦੇਸ਼ਾਂ 'ਤੇ ਦਾਇਰ ਕੀਤੇ ਗਏ ਇਤਰਾਜ਼ਾਂ ਤੋਂ ਬਾਅਦ ਇਨ੍ਹਾਂ ਮੱਦਾਂ ਨੂੰ ਅੰਤਿਮ ਦਿਸ਼ਾ-ਨਿਰਦੇਸ਼ਾਂ ਤੋਂ ਬਾਹਰ ਰੱਖਿਆ ਗਿਆ। ਪਟੀਸ਼ਨਕਰਤਾ ਨੇ ਕੋਰਟ ਤੋਂ ਰਾਜ ਸਰਕਾਰ ਦੇ ਅਧਿਕਾਰੀਆਂ ਨੂੰ ਪੰਜਾਬ ਭੂਜਲ ਕੱਢਣ ਅਤੇ ਸੁਰੱਖਿਆ ਨਿਰਦੇਸ਼-2023 ਨੂੰ ਵਾਪਸ ਲੈਣ ਜਾਂ ਉਨ੍ਹਾਂ 'ਚ ਸੋਧ ਕਰਨ ਦਾ ਨਿਰਦੇਸ਼ ਦੇਣ ਦੀ ਬੇਨਤੀ ਕੀਤੀ ਹੈ ਤਾਂ ਕਿ ਉਹ ਪੰਜਾਬ ਵਿਚ ਭੂਜਲ ਦੀ ਕਮੀ ਨਾਲ ਨਿਪਟਣ ਵਿਚ ਵੱਧ ਪ੍ਰਭਾਵਸ਼ਾਲੀ ਹੋਣ।

ਪਟੀਸ਼ਨ ਵਿਚ ਅਧਿਕਾਰੀਆਂ ਨੂੰ ਇਹ ਯਕੀਨੀ ਬਣਾਉਣ ਲਈ ਨਿਰਦੇਸ਼ ਦੇਣ ਦੀ ਵੀ ਬੇਨਤੀ ਕੀਤੀ ਹੈ ਕਿ ਖੇਤੀ ਵਿਚ ਜਲ ਸੁਰੱਖਿਆ ਨਾਲ ਸਬੰਧਤ ਨਿਯਮਾਂ ਨੂੰ 203 ਦਿਸ਼ਾ ਨਿਰਦੇਸ਼ਾਂ ਵਿਚ ਸ਼ਾਮਲ ਕੀਤਾ ਜਾਵੇ। ਇਸ ਤੋਂ ਇਲਾਵਾ ਪਟੀਸ਼ਨਕਰਤਾ ਨੇ ਅਧਿਕਾਰੀਆਂ ਨੂੰ ਇਸ ਵਿਸ਼ੇ 'ਤੇ ਵਿਸਥਾਰਤ ਅਧਿਐਨ ਤੋਂ ਬਾਅਦ ਭੂਜਲ ਦੀ ਕਮੀ ਦੇ ਖ਼ਿਲਾਫ਼ ਆਪਣੀ ਨੀਤੀ ਤਿਆਰ ਕਰਨ ਦਾ ਨਿਰਦੇਸ਼ ਦੇਣ ਦੀ ਬੇਨਤੀ ਕੀਤੀ।

## ਸੰਪਾਦਕੀ ਨੋਟ:–

ਅਦਾਰਾ ਪੰਜਾਬ ਟਾਈਮਜ਼, ਪੰਜਾਬ, ਪੰਜਾਬੀ, ਪੰਜਾਬੀਅਤ ਅਤੇ ਸਿੱਖ ਧਰਮ ਦੀ ਹਮੇਸ਼ਾਂ ਚੜ੍ਹਦੀ ਕਲਾ ਚਾਹੁੰਦਾ ਹੈ ਤੇ ਸਮੁੱਚੀ ਮਨੁੱਖਤਾ ਦੇ ਭਲੇ ਲਈ ਸੇਵਾਵਾਂ ਪ੍ਰਦਾਨ ਕਰਦਾ ਹੈ। ਪੰਜਾਬ ਟਾਈਮਜ਼ ਵਿੱਚ ਛਪਣ ਵਾਲੇ ਲੇਖਕਾਂ ਨੂੰ ਬੇਨਤੀ ਹੈ ਕਿ ਉਹ ਇਨ੍ਹਾਂ ਗੱਲਾਂ ਦਾ ਹਮੇਸ਼ਾਂ ਖਿਆਲ ਰੱਖਣ ਤੇ ਕਿਸੇ ਦੇ ਵੀ ਵਿਰੁੱਧ ਲਿਖਣ ਤੋਂ ਪਹਿਲਾਂ ਉਕਤ ਸਬੰਧੀ ਪੁਖਤਾ ਸਬੂਤ ਜ਼ਰੂਰ ਨਾਲ ਭੇਜਣ। ਅਜਿਹੀ ਲਿਖਤ ਲਿਖਣ ਵਾਲੇ ਵਿਰੁੱਧ ਅਗਰ ਦੂਜੀ ਧਿਰ ਵੱਲੋਂ ਕੋਈ ਕਾਨੂੰਨੀ ਕਾਰਵਾਈ ਕੀਤੀ ਜਾਂਦੀ ਹੈ ਤਾਂ ਉਹ ਖੁਦ ਲੇਖਕ ਜ਼ਿੰਮੇਵਾਰ ਹੋਣਗੇ। ਕਿਸੇ ਉਤੇ ਨਿੱਜੀ ਤੌਰ 'ਤੇ ਚਿੱਕੜ ਸੁੱਟਣ ਵਾਲੀਆਂ ਲਿਖਤਾਂ ਛਾਪਣ ਤੋਂ ਅਸੀਂ ਅਸਮਰੱਥ ਹੋਵਾਂਗੇ। ਲਿਖਤਾਂ ਸਾਫ਼ ਸੁੱਥਰੀਆਂ ਅਤੇ ਮਨੁੱਖਤਾ ਦੇ ਭਲੇ ਲਈ, ਭ੍ਰਿਸ਼ਟਾਚਾਰ ਦੇ ਵਿਰੁੱਧ ਅਤੇ ਵਾਤਾਵਰਣ ਨੂੰ ਸੁਹਾਵਣਾ ਬਨਾਉਣ, ਨਵੀਂ ਪੀੜ੍ਹੀ ਲਈ ਵਿੱਦਿਆ, ਗੈਂਗਸਟਰ ਕਲਚਰ ਨੂੰ ਰੋਕਣ ਲਈ, ਸਾਫ਼ ਸੁੱਥਰਾ ਵਾਤਾਵਰਣ, ਨੌਜਵਾਨਾਂ ਨੂੰ ਨਸ਼ਿਆਂ ਤੋਂ ਬਚਾਉਣ, ਰਿਸ਼ਵਤ ਵਿਰੁੱਧ, ਸਾਦੇ ਅਨੰਦ ਕਾਰਜਾਂ ਅਤੇ ਨਕਲੀ ਗੁਰੂ ਡੰਮ੍ਹ ਨੂੰ ਰੋਕਣ ਸਬੰਧੀ ਜਾਗਰਤੀ ਲਿਆਉਣ ਵਾਲੀਆਂ ਹੋਣੀਆਂ ਚਾਹੀਦੀਆਂ ਹਨ, ਜਿਹਨਾਂ ਨਾਲ ਲੋਕਾਂ ਦਾ ਬਹੁ-ਪੱਖੀ ਵਿਕਾਸ ਹੋਵੇ। -ਸੰਪਾਦਕ

## ਡੰਗ ਮਨਚੰਦੇ ਦੇ



ਤੇਜਿੰਦਰ ਮਨਚੰਦਾ ਪ੍ਰਦੇਸੀ
rajinder.pardesi7@gmail.com



ਯੂ.ਕੇ. ਸਰਕਾਰ ਦੇ ਸਹਿਯੋਗ ਨਾਲ ਉਤਪੰਨ

# ਊਰਜਾ ਅਤੇ ਧਨ ਬਚਾਓ




## 6 ਨੁਕਤੇ ਜਿਨ੍ਹਾਂ ਦੀ ਮਦਦ ਨਾਲ ਇਨ੍ਹਾਂ ਸਰਦੀਆਂ ਵਿੱਚ ਪੈਸੇ ਅਤੇ ਊਰਜਾ ਬਚਾਅ ਸਕਦੇ ਹੋ ...

ਸਰਦੀ ਆ ਗਈ ਹੈ ਅਤੇ ਅਸੀਂ ਆਪਣੇ ਘਰਾਂ ਨੂੰ ਫਿਰ ਗਰਮ ਕਰ ਰਹੇ ਹਾਂ ਅਤੇ ਇਸ ਦਾ ਮਤਲਬ ਹੈ ਕਿ ਖਰਚ ਵਧ ਸਕਦੇ ਹਨ। ਤੁਹਾਡੇ ਘਰ ਵਿੱਚ ਊਰਜਾ ਖਪਤ ਘਟਾਉਣ ਲਈ ਕੁਝ ਬਿਨਾ-ਖਰਚ ਦੇ ਵਿਕਲਪ (ਕੁੱਝ ਧਿਆਨ ਯੋਗ ਗੱਲਾਂ) ਹਨ। ਇਹਨਾਂ ਵੱਲ ਧਿਆਨ ਦੇ ਕੇ ਤੁਸੀਂ ਆਪਣੇ ਘਰ ਨੂੰ ਗਰਮ ਅਤੇ ਸੁਰੱਖਿਅਤ ਰੱਖਦੇ ਹੋਏ ਪੈਸੇ ਵੀ ਬਚਾਅ ਸਕਦੇ ਹੋ।

ਤੁਹਾਡੇ ਬੋਇਲਰ ਦਾ ਫਲੋ ਤਾਪਮਾਨ ਡਾਇਲ / ਸੈੱਟਿੰਗ ਨੂੰ ਕੌਮਬੀ ਬੋਇਲਰਾਂ 'ਤੇ 60 ਡਿਗਰੀ 'ਤੇ ਸੈੱਟ ਕਰਨ ਨਾਲ ਇਸ ਦੀ ਸਮਰੱਥਾ 'ਚ ਸੁਧਾਰ ਹੋ ਸਕਦਾ ਹੈ। ਬੋਇਲਰ ਫਲੋ ਤਾਪਮਾਨ ਘਟਾਉਣਾ ਅਤੇ ਥਰਮੋਸਟੈਟ ਘਟਾਉਣਾ ਇੱਕੋ ਚੀਜ਼ ਨਹੀਂ ਹੈ। ਇਸ ਨਾਲ ਤੁਹਾਡੇ ਘਰ ਦਾ ਤਾਪਮਾਨ ਘੱਟ ਨਹੀਂ ਹੋਵੇਗਾ, ਪਰ ਘਰ ਗਰਮ ਹੋਣ ਲਈ ਜ਼ਿਆਦਾ ਸਮਾਂ ਲੱਗ ਸਕਦਾ ਹੈ।

ਜੇ ਤੁਸੀਂ 65 ਸਾਲ ਤੋਂ ਉਪਰ ਹੋ, ਜਾਂ ਤੁਹਾਡੇ ਕੋਲ ਪਹਿਲਾਂ ਤੋਂ ਹੀ ਸਿਹਤ ਸਮੱਸਿਆਵਾਂ ਹਨ, ਤਾਂ ਤੁਹਾਨੂੰ ਆਪਣੇ ਘਰ ਨੂੰ ਜ਼ਿਆਦਾ ਛੇਤੀ ਨਾਲ ਗਰਮ ਕਰਨ ਲਈ ਬੋਇਲਰ ਦਾ ਤਾਪਮਾਨ ਫਲੋ 65 ਡਿਗਰੀ 'ਤੇ ਕਰ ਦੇਣਾ ਚਾਹੀਦਾ ਹੈ।



**ਰੇਡੀਏਟਰ ਦੀ ਚਾਬੀ**
ਜ਼ਿਆਦਾਤਰ DIY ਦੁਕਾਨਾਂ ਤੋਂ ਮਿਲ ਜਾਂਦੀ ਹੈ, ਜਾਂ ਚੌੜੇ ਸਿਰੇ ਵਾਲੇ ਪੇਚਕੱਸ ਦੀ ਵਰਤੋਂ ਕਰੋ

## ਆਪਣੇ ਬਿੱਲਾਂ ਨੂੰ ਕੰਟਰੋਲ ਵਿਚ ਰੱਖਣਾ

ਪੰਜ ਬੱਚਿਆਂ ਦੀ ਮਾਂ, ਸ਼੍ਰੀਮਤੀ ਮਿਰੇ ਇੱਕ ਇਕੱਲੀ ਮਾਂ ਹੈ, ਅਤੇ ਜੀਵਨ ਦੇ ਖ਼ਰਚ ਵਧਣ ਦਾ ਮਤਲਬ ਹੈ ਕਿ ਉਸਨੇ ਇਸ ਸਰਦੀ ਵਿੱਚ ਊਰਜਾ ਬਿੱਲ ਨੂੰ ਕਾਬੂ 'ਚ ਰੱਖਣ ਲਈ ਕੁਝ ਵਾਧੂ ਕਦਮ ਉਠਾਏ ਹਨ। "ਮੈਂ ਬੋਇਲਰ ਦੀ ਪਹਿਲਾਂ ਹੀ ਸਰਵਿਸ ਕਰਵਾ ਲਈ ਅਤੇ ਮੈਂ ਬੋਇਲਰ ਦਾ ਫਲੋ ਤਾਪਮਾਨ ਵੀ ਘਟਾ ਲਿਆ ਸੀ। ਮੈਨੂੰ ਇਹ ਨਹੀਂ ਪਤਾ ਸੀ ਕਿ ਰੇਡੀਏਟਰ ਬਲੀਡ ਕਿਵੇਂ ਕਰਵਾਉਣਾ (ਭਾਵ ਇਸ ਦੀ ਹਵਾ ਕਿਵੇਂ ਕੱਢਣੀ) ਹੈ, ਪਰ ਜਦੋਂ ਕਿਸੇ ਦੋਸਤ ਨੇ ਮੈਨੂੰ ਦਿਖਾਇਆ ਤਾਂ ਇਹ ਬਹੁਤ ਆਸਾਨ ਸੀ।

"ਮੇਰੀ ਹੀਟਿੰਗ ਨੂੰ ਟਾਈਮਰ 'ਤੇ ਸੈਟਿੰਗ ਰੱਖਣਾ ਬਹੁਤ ਚੰਗਾ ਹੈ। ਇਹ ਸਵੇਰ ਨੂੰ ਬੱਚਿਆਂ ਦੇ ਬਿਸਤਰ 'ਚੋਂ ਉਠਣ ਸਮੇਂ ਇੱਕ ਘੰਟੇ ਲਈ ਚੱਲ ਪੈਂਦੀ ਹੈ ਅਤੇ ਫਿਰ ਬੱਚਿਆਂ ਦੇ ਸਕੂਲ ਤੋਂ ਵਾਪਸ ਆਉਣ ਸਮੇਂ ਫਿਰ ਇੱਕ ਘੰਟੇ ਲਈ।

ਇਸ ਦੇ ਇਲਾਵਾ ਅਸੀਂ ਇਹ ਵੀ ਬਹੁਤ ਅੱਛੀ ਤਰ੍ਹਾਂ ਧਿਆਨ ਵਿੱਚ ਰੱਖਦੇ ਹਾਂ ਕਿ ਉਹਨਾਂ ਕਮਰਿਆਂ ਵਿੱਚ ਜੋ ਅਸੀਂ ਵਰਤ ਨਹੀਂ ਰਹੇ, ਉਹਨਾਂ ਦੀਆਂ ਬੱਤੀਆਂ ਬੰਦ ਕਰ ਦਿੰਦੇ ਹਾਂ। ਇਸ ਸਭ ਨਾਲ ਮੇਰੇ ਬਿੱਲਾਂ ਨੂੰ ਕੰਟਰੋਲ ਵਿਚ ਰੱਖਣ ਵਿੱਚ ਬਹੁਤ ਮਦਦ ਮਿਲਦੀ ਹੈ।



## ਸਭ ਕੁਝ ਜੋੜਿਆ ਜਾਂਦਾ ਹੈ

ਹੇਠਾਂ ਕੁਝ ਕਾਰਵਾਈਆਂ ਹਨ ਜੋ ਤੁਹਾਨੂੰ ਘਰ ਵਿੱਚ ਊਰਜਾ ਵਰਤੋਂ ਘਟਾਉਣ ਅਤੇ ਪੈਸੇ ਬਚਾਉਣ ਵਿੱਚ ਮਦਦ ਕਰ ਸਕਦੀਆਂ ਹਨ:

**ਇੰਝ ਕਰਨਾ ਤੁਹਾਡੇ ਊਰਜਾ ਖਰਚ ਨੂੰ ਘਟਾਉਣ ਲਈ ਬਹੁਤ ਅਸਰਦਾਰ ਹੋ ਸਕਦਾ ਹੈ;**

- ਆਪਣੇ ਬੋਇਲਰ ਦਾ ਫਲੋ ਤਾਪਮਾਨ 60 ਡਿਗਰੀ 'ਤੇ ਰੱਖਣ ਨਾਲ £70 ਪੌਂਡ ਸਾਲ ਦੇ ਬਚਾਅ ਸਕਦੇ ਹੋ।
- ਆਪਣੇ ਘਰ ਨੂੰ ਗਰਮ ਰੱਖਣ ਅਤੇ ਊਰਜਾ ਬਿਲ ਘਟਾਉਣ ਲਈ ਰੇਡੀਏਟਰਾਂ (ਨੂੰ ਬਲੀਡ ਕਰੋ) ਦੀ ਹਵਾ ਕੱਢੋ ।
- ਉਹ ਕਮਰੇ ਗਰਮ ਕਰੋ ਜਿਹੜੇ ਵਰਤੋਂ ਵਿੱਚ ਹਨ ਤੇ ਦੂਜੇ ਰੇਡੀਏਟਰ ਬੰਦ ਕਰ ਦਿਓ, ਇਸ ਤਰ੍ਹਾਂ ਸਾਲਾਨਾ £50 ਪੌਂਡ ਬਚ ਸਕਦੇ ਹਨ।
- ਆਪਣੀ (ਵਾਸ਼ਿੰਗ) ਕੱਪੜੇ ਧੋਣ ਵਾਲੀ ਮਸ਼ੀਨ ਦਾ ਤਾਪਮਾਨ ਘਟਾ ਕੇ ਸਲਾਨਾ £20 ਪੌਂਡ ਬਚਾ ਸਕਦੇ ਹੋ।
- ਇੱਕ ਊਰਜਾ ਐਫੀਸ਼ੈਂਟ ਸ਼ਾਵਰਹੈਡ ਵਰਤ ਕੇ ਸਾਲ ਦੇ £40 ਪੌਂਡ ਬਚ ਸਕਦੇ ਹਨ। ਤੁਹਾਨੂੰ ਪਾਣੀ ਮੁਹੱਈਆ ਕਰਨ ਵਾਲੀ ਕੰਪਨੀ ਪਾਸੋਂ ਇਹ ਮੁਫ਼ਤ ਮਿਲ ਸਕਦੇ ਹਨ।
- ਬੋਇਲਰ ਨੂੰ ਅਸਰਦਾਰ ਢੰਗ ਨਾਲ ਚੱਲਣ ਲਈ ਅਤੇ ਮੁਰੰਮਤ ਤੋਂ ਬਚਣ ਲਈ ਸਮੇਂ ਸਿਰ ਸਰਵਿਸ ਕਰਵਾਓ।

## ਆਪਣੇ ਰੇਡੀਏਟਰ ਨੂੰ ਬਲੀਡ ਕਰਨਾ:

### ਕਦਮ-ਦਰ-ਕਦਮ ਗਾਈਡ

ਤੁਹਾਨੂੰ ਇੱਕ ਸਧਾਰਣ ਰੇਡੀਏਟਰ ਦੀ ਚਾਬੀ ਅਤੇ ਪੁਰਾਣਾ ਕੱਪੜਾ ਤੇ ਇੱਕ ਜੱਗ ਦੀ ਲੋੜ ਹੋਵੇਗੀ।

ਜਦੋਂ ਤੁਸੀਂ ਜਾਂਚ ਕਰ ਲਓ ਕਿ ਤੁਹਾਡੇ ਘਰ ਦੇ ਹੀਟਿੰਗ ਸਿਸਟਮ ਵਿੱਚ ਕਿਹੜੇ ਰੇਡੀਏਟਰ ਦੀ ਹਵਾ ਕੱਢਣ (ਬਲੀਡ ਕਰਨ) ਦੀ ਲੋੜ ਹੈ, ਤਾਂ ਹੇਠਾਂ ਦਿੱਤੇ ਕਦਮ ਉਠਾਓ:

1. ਯਕੀਨੀ ਬਣਾਓ ਕਿ ਤੁਹਾਡੀ ਹੀਟਿੰਗ ਬੰਦ ਹੈ ਅਤੇ ਰੇਡੀਏਟਰ ਠੰਢੇ ਹਨ।
2. ਪੁਰਾਣਾ ਕੱਪੜਾ ਜਾਂ ਜੱਗ ਲੈ ਕੇ ਬਲੀਡ ਵਾਲਵ ਦੇ ਹੇਠਾਂ ਕਰੋ ਅਤੇ ਬਲੀਡ ਚਾਬੀ ਦਾ ਉਪਯੋਗ ਕਰੋ।
3. ਘੜੀ ਦੀ ਸੂਈ ਦੇ ਉਲਟ ਪਾਸੇ ਚਾਬੀ ਘੁਮਾਓ ਜਦੋਂ ਹਵਾ ਨਿਕਲਣੀ ਸ਼ੁਰੂ ਹੋਵੇ (ਤੁਸੀਂ ਇਸ ਦੀ (ਹਿਸ਼-ਹਿਸ਼) ਖਾਸ ਤਰ੍ਹਾਂ ਦੀ ਆਵਾਜ਼ ਸੁਣੋਗੇ)।
4. ਜਦੋਂ ਪਾਣੀ ਨਿਕਲਣਾ ਸ਼ੁਰੂ ਹੋਵੇ, ਤਾਂ ਚਾਬੀ ਨੂੰ ਘੜੀ ਦੇ ਸਹੀ ਪਾਸੇ ਵੱਲ ਘੁਮਾਓ ਤੇ ਵਾਲਵ ਨੂੰ ਮੁੜ ਕੱਸ ਦਿਓ।
5. ਇਹ ਕਿਰਿਆ ਹੋਰ ਰੇਡੀਏਟਰਾਂ 'ਤੇ ਦੁਹਰਾਓ, ਜਿੱਥੇ ਲੋੜ ਹੋਵੇ, ਹੁਣ ਬੋਇਲਰ ਵੱਲ ਜਾਓ।
6. ਆਪਣੀ ਹੀਟਿੰਗ ਨੂੰ ਮੁੜ ਚਾਲੂ ਕਰੋ ਅਤੇ ਜਾਂਚੋ ਕਿ ਕੀ ਤੁਹਾਡੇ ਰੇਡੀਏਟਰ ਹੁਣ ਠੀਕ ਤਰ੍ਹਾਂ ਗਰਮ ਹੋ ਰਹੇ ਹਨ।

UK Government
Help for Households
SAVE OVER £100
on your energy bills this winter
Find out more at GOV.UK/SaveEnergy
#ItAllAddsUp

ਵਿਸ਼ੇਸ਼ ਰਿਪੋਟ

# ਮੋਦੀ ਸਰਕਾਰ ਦੇ 44 ਵਿਭਾਗ ਨੂੰ ਚਲਾ ਰਹੇ ਨੇ 1500 ਸਲਾਹਕਾਰ, 302 ਕਰੋੜ ਦਾ ਖਰਚਾ



ਤੁਸੀਂ ਸੋਚ ਰਹੇ ਹੋਵੋਗੇ ਕਿ ਜਦੋਂ ਪ੍ਰਧਾਨ ਮੰਤਰੀ ਮੋਦੀ ਅਤੇ ਉਨ੍ਹਾਂ ਦੇ ਸਾਰੇ ਮੰਤਰੀ ਮੰਦਰਾਂ ਵਿਚ ਪੂਜਾ-ਪਾਠ ਕਰ ਰਹੇ ਹਨ ਤਾਂ ਸਰਕਾਰ ਕੌਣ ਚਲਾ ਰਿਹਾ ਹੋਵੇਗਾ? ਮੋਦੀ ਸਰਕਾਰ ਨੇ ਇਸ ਲਈ ਬਹੁਤ ਠੋਸ ਪ੍ਰਬੰਧ ਕੀਤੇ ਹਨ। ਇੰਡੀਅਨ ਐਕਸਪ੍ਰੈਸ ਨੇ ਸੂਚਨਾ ਦੇ ਅਧਿਕਾਰ (ਆਰ.ਟੀ.ਆਈ.) ਤਹਿਤ ਜਾਣਕਾਰੀ ਹਾਸਲ ਕੀਤੀ ਹੈ ਕਿ ਕੇਂਦਰ ਸਰਕਾਰ ਦੇ ਕਰੀਬ 44 ਵਿਭਾਗ 1499 ਸਲਾਹਕਾਰਾਂ ਰਾਹੀਂ ਚਲਾਏ ਜਾ ਰਹੇ ਹਨ। ਇਹਨਾਂ ਵਿੱਚ ਬਾਹਰੀ ਏਜੰਸੀਆਂ ਦੇ ਸਲਾਹਕਾਰ ਵੀ ਸ਼ਾਮਲ ਹਨ, ਜਿਨ੍ਹਾਂ ਵਿੱਚ ਬਿਗ ਫੋਰ (ਅਰਨਸਟ ਐਂਡ ਯੰਗ, ਪੀਡਬਲਯੂਸੀ, ਡੇਲੋਇਟ ਅਤੇ ਕੇਪੀਐਮਜੀ) ਸ਼ਾਮਲ ਹਨ। ਅੰਕੜਿਆਂ ਅਨੁਸਾਰ ਇਹ ਵਿਭਾਗ ਇਨ੍ਹਾਂ ਸਲਾਹਕਾਰਾਂ ’ਤੇ ਸਮੂਹਿਕ ਤੌਰ ’ਤੇ ਸਾਲਾਨਾ 302 ਕਰੋੜ ਰੁਪਏ ਖਰਚ ਕਰਦੇ ਹਨ।

ਇੰਡੀਅਨ ਐਕਸਪ੍ਰੈਸ ਦੇ ਅਨੁਸਾਰ, ਇਹਨਾਂ ਸਲਾਹਕਾਰਾਂ ਵਿੱਚ 1,037 ਨੌਜਵਾਨ ਪ੍ਰੋਫੈਸ਼ਨਲ, 539 ਸੁਤੰਤਰ ਸਲਾਹਕਾਰ, ਉਸੇ ਵਿਭਾਗ ਦੇ 354 ਮਾਹਿਰ, 1,481 ਸੇਵਾਮੁਕਤ ਸਰਕਾਰੀ ਅਧਿਕਾਰੀ ਅਤੇ 20,376 ਹੋਰ ਘੱਟ ਤਨਖਾਹ ਵਾਲੇ ਕਰਮਚਾਰੀ ਸ਼ਾਮਲ ਹਨ, ਇਸ ਤੋਂ ਇਲਾਵਾ 76 ਵਿਭਾਗ ਜਿਨ੍ਹਾਂ ਨੂੰ ਸਿੱਧੇ ਜਾਂ ਆਊਟਸੋਰਸਿੰਗ ਏਜੰਸੀਆਂ ਰਾਹੀਂ ਠੇਕੇ ’ਤੇ ਰੱਖਿਆ ਗਿਆ ਹੈ।

ਰਿਪੋਰਟ ਮੁਤਾਬਕ ਸਰਕਾਰ ਦੇ ਛੇ ਵੱਡੇ ਵਿਭਾਗ ਅਜਿਹੇ ਹਨ ਜੋ ਸਲਾਹਕਾਰਾਂ ਨਾਲ ਭਰੇ ਪਏ ਹਨ। ਜਿਸ ਵਿੱਚ ਸਿਹਤ ਅਤੇ ਪਰਿਵਾਰ ਭਲਾਈ ਦੇ 203 ਸਲਾਹਕਾਰ, 166 ਪੇਂਡੂ ਵਿਕਾਸ, 149 ਖੇਤੀਬਾੜੀ ਅਤੇ ਕਿਸਾਨ ਭਲਾਈ, 147 ਹਾਊਸਿੰਗ ਅਤੇ ਸ਼ਹਿਰੀ ਪ੍ਰਸ਼ਾਸਨ, 112 ਮਹਿਲਾ ਅਤੇ ਬਾਲ ਵਿਕਾਸ ਅਤੇ 99 ਸੜਕੀ ਆਵਾਜਾਈ ਅਤੇ ਰਾਜਮਾਰਗ ਤੋਂ ਹਨ। ਕੁੱਲ ਮਿਲਾ ਕੇ, ਉਹ ਕੁੱਲ 1,499 ਵਿੱਚੋਂ 876, ਜਾਂ 58 ਪ੍ਰਤੀਸ਼ਤ ਬਣਦੇ ਹਨ। ਇਕੱਲੇ ਇਨ੍ਹਾਂ ਵਿਭਾਗਾਂ ’ਤੇ ਕੁੱਲ ਖਰਚਾ 130 ਕਰੋੜ ਰੁਪਏ ਸਾਲਾਨਾ ਹੈ। ਇਹ 302 ਕਰੋੜ ਰੁਪਏ ਦੀ ਇਸ ਮਦ ’ਤੇ ਹੋਏ ਕੁੱਲ ਖਰਚ ਦਾ 43 ਫੀਸਦੀ ਹੈ। ਭਾਵ ਸਿਰਫ਼ ਛੇ ਵਿਭਾਗ ਹੀ 302 ਕਰੋੜ ਰੁਪਏ ਦੇ ਕੁੱਲ ਸਾਲਾਨਾ ਖ਼ਰਚੇ ਦਾ 43 ਫ਼ੀਸਦੀ ਹਿੱਸਾ ਸਲਾਹਕਾਰਾਂ ’ਤੇ ਖ਼ਰਚ ਕਰ ਰਹੇ ਹਨ। ਖੇਤੀ ਅਤੇ ਕਿਸਾਨ ਭਲਾਈ ਵਿਭਾਗ ਨੇ ਖਰਚਾ ਵਿਭਾਗ ਵੱਲੋਂ ਮੰਗੀ ਜਾਣਕਾਰੀ ਦਾ ਕੋਈ ਜਵਾਬ ਨਹੀਂ ਦਿੱਤਾ।

ਨੀਤੀ ਆਯੋਗ ਨੌਜਵਾਨ ਪੇਸ਼ੇਵਰਾਂ ਨੂੰ ਠੇਕੇ ’ਤੇ ਭਰਤੀ ਕਰਨ ਵਿੱਚ ਸਿਖਰ ’ਤੇ ਹੈ। ਇਸਨੇ 95 ਅਜਿਹੇ ਨੌਜਵਾਨ ਪੇਸ਼ੇਵਰਾਂ ਦੀ ਭਰਤੀ ਕੀਤੀ ਹੈ। ਵਣਜ ਵਿਭਾਗ ਕੋਲ ਅਜਿਹੇ 87 ਨੌਜਵਾਨ ਪੇਸ਼ੇਵਰ ਹਨ ਅਤੇ ਉਦਯੋਗ ਅਤੇ ਅੰਦਰੂਨੀ ਵਪਾਰ ਦੇ ਪ੍ਰਮੋਸ਼ਨ ਵਿਭਾਗ ਕੋਲ 78 ਅਜਿਹੇ ਨੌਜਵਾਨ ਪੇਸ਼ੇਵਰ ਹਨ।

ਠੇਕੇ ’ਤੇ ਸੁਤੰਤਰ ਸਲਾਹਕਾਰਾਂ ਦੀ ਨਿਯੁਕਤੀ ਕਰਨ ਵਾਲੇ ਚੋਟੀ ਦੇ ਤਿੰਨ ਵਿਭਾਗ ਹਨ: ਖੇਤੀਬਾੜੀ ਅਤੇ ਕਿਸਾਨ ਭਲਾਈ ਵਿੱਚ 86, ਐਨਆਈਟੀਆਈ ਵਿੱਚ 52, ਸੜਕ ਆਵਾਜਾਈ ਅਤੇ ਰਾਜਮਾਰਗਾਂ ਵਿੱਚ 41 ਹਨ। ਡੋਮੇਨ ਮਾਹਿਰਾਂ ਵਾਲੇ ਚੋਟੀ ਦੇ ਵਿਭਾਗ ਹਨ- ਖੇਤੀਬਾੜੀ ਅਤੇ ਕਿਸਾਨ ਭਲਾਈ ਵਿੱਚ 92, ਸ਼ਹਿਰੀ ਹਵਾਬਾਜ਼ੀ ਵਿੱਚ 70 ਅਤੇ ਪੇਂਡੂ ਵਿਕਾਸ ਵਿੱਚ 45 ਸਲਾਹਕਾਰ ਸ਼ਾਮਲ ਹਨ।

ਇੰਡੀਅਨ ਐਕਸਪ੍ਰੈਸ ਦੀ ਰਿਪੋਰਟ ਮੁਤਾਬਕ ਨੌਜਵਾਨ ਪੇਸ਼ੇਵਰਾਂ ਨੂੰ ਜ਼ਿਆਦਾਤਰ 50,000 ਤੋਂ 75,000 ਰੁਪਏ ਪ੍ਰਤੀ ਮਹੀਨਾ ਤਨਖਾਹ ਦਿੱਤੀ ਜਾ ਰਹੀ ਹੈ। ਖੇਤੀਬਾੜੀ ਅਤੇ ਕਿਸਾਨ ਭਲਾਈ ਨੂੰ ਛੱਡ ਕੇ, ਵਿਭਾਗਾਂ ਅਤੇ ਮੰਤਰਾਲਿਆਂ ਨੇ ਆਪਣੇ ਨਾਲ ਕੰਮ ਕਰਨ ਵਾਲੀਆਂ ਬਾਹਰੀ ਏਜੰਸੀਆਂ ਦੇ ਸਲਾਹਕਾਰਾਂ ਨੂੰ ਦਿੱਤੇ ਗਏ ਪੈਸਿਆਂ ਬਾਰੇ ਜਾਣਕਾਰੀ ਪ੍ਰਦਾਨ ਕੀਤੀ ਹੈ। ਪਰ ਹੋਰ ਪੋਸਟਾਂ ਬਾਰੇ ਕੋਈ ਸਪੱਸ਼ਟਤਾ ਨਹੀਂ ਹੈ।

ਰਿਪੋਰਟ ਮੁਤਾਬਕ ਕੁਝ ਸੁਤੰਤਰ ਸਲਾਹਕਾਰਾਂ ਅਤੇ ਡੋਮੇਨ ਮਾਹਿਰਾਂ ਨੂੰ ਵੀ 1 ਲੱਖ ਤੋਂ 4 ਲੱਖ ਰੁਪਏ ਪ੍ਰਤੀ ਮਹੀਨਾ ਤਨਖਾਹ ਮਿਲਨ ਦਾ ਅਨੁਮਾਨ ਹੈ। ਉਦਾਹਰਣ ਵਜੋਂ, ਕਿਰਤ ਮੰਤਰਾਲੇ ਨੇ ਕਿਹਾ ਕਿ ਉਸਨੇ 7.5 ਲੱਖ ਰੁਪਏ ਪ੍ਰਤੀ ਮਹੀਨਾ ਦੀ ਤਨਖਾਹ ’ਤੇ ਦੋ ਸਲਾਹਕਾਰਾਂ ਨੂੰ ਨਿਯੁਕਤ ਕੀਤਾ ਹੈ। ਕਾਮਰਸ ਵਿਭਾਗ ਵਿੱਚ ਨਿਯੁਕਤ ਕੀਤੇ ਗਏ ਲੋਕਾਂ ਨੂੰ ਵੀ ਹਰ ਮਹੀਨੇ 1.45 ਲੱਖ ਰੁਪਏ ਤੋਂ 3.30 ਲੱਖ ਰੁਪਏ ਤੱਕ ਤਨਖਾਹ ਮਿਲਦੀ ਹੈ। ਨੀਤੀ ਆਯੋਗ ਵਿੱਚ ਅਜਿਹੇ ਲੋਕਾਂ ਨੂੰ ਹਰ ਮਹੀਨੇ 3.30 ਲੱਖ ਰੁਪਏ ਤੱਕ ਦਿੱਤੇ ਜਾ ਰਹੇ ਹਨ।

ਹਾਲਾਂਕਿ, ਸਰਕਾਰ ਨੇ ਗਰੁੱਪ ਡੀ (ਚਪੜਾਸੀ, ਡੇਟਾ ਐਂਟਰੀ, ਹਾਊਸਕੀਪਿੰਗ, ਆਦਿ) ਦੀ ਭਰਤੀ ਨੂੰ ਖਤਮ ਕਰ ਦਿੱਤਾ ਹੈ। ਪਰ ਹੁਣ ਆਊਟਸੋਰਸਿੰਗ ਏਜੰਸੀਆਂ ਰਾਹੀਂ ਅਜਿਹੀਆਂ ਨੌਕਰੀਆਂ ਲਈ ਲੋਕਾਂ ਦੀ ਨਿਯੁਕਤੀ ਕੀਤੀ ਗਈ ਹੈ। ਅਜਿਹੇ 20,376 ਲੋਕ 76 ਵਿਭਾਗਾਂ ਵਿੱਚ ਕੰਮ ਕਰ ਰਹੇ ਹਨ। ਜਿਸ ਵਿੱਚ 3,877 ਹਾਊਸਕੀਪਿੰਗ ਸਟਾਫ਼, 5,136 ਡਾਟਾ ਐਂਟਰੀ ਆਪਰੇਟਰ, 6,478 ਮਲਟੀ-ਟਾਸਕਿੰਗ ਸਟਾਫ਼ ਅਤੇ 4,885 ਹੋਰ ਸ਼ਾਮਲ ਹਨ। ਪਹਿਲਾਂ ਇਨ੍ਹਾਂ ਲੋਕਾਂ ਨੂੰ ਪੱਕੀ ਨੌਕਰੀ ’ਤੇ ਰੱਖਿਆ ਜਾਂਦਾ ਸੀ, ਹੁਣ ਆਊਟਸੋਰਸਿੰਗ ਰਾਹੀਂ ਠੇਕੇ ’ਤੇ ਰੱਖਿਆ ਜਾ ਰਿਹਾ ਹੈ।


ਪੰਜਾਬ ਟਾਈਮਜ਼ ਨੂੰ

ਵੱਧ ਤੋਂ ਵੱਧ ਆਪਣਾ ਸਹਿਯੋਗ ਦਿਓ

ਵਿਸ਼ੇਸ਼ ਨੋਟ :- ਯੂ ਕੇ ਵਿੱਚ ਪੰਜਾਬੀਆਂ ਕੋਲ ਹੁਣ ਕੇਵਲ ਇਕੋ ਇਕ ਛਪਣ ਵਾਲਾ ਪੰਜਾਬੀ ਪਰਚਾ (ਪੰਜਾਬ ਟਾਈਮਜ਼) ਹੀ ਰਹਿ ਗਿਆ ਹੈ, ਇਸ ਪਰਚੇ ਨੂੰ ਚੱਲਦਾ ਰੱਖਣ ਲਈ ਕਾਰੋਬਾਰੀ ਅਦਾਰਿਆਂ ਦੀ ਲੋੜ ਹੈ, ਜਿਹੜੇ ਆਪਣੇ ਇਸ਼ਤਿਹਾਰ ਦੇ ਕੇ ਪਰਚੇ ਦੀ ਮਦਦ ਕਰ ਸਕਦੇ ਹਨ। ਸੁਹਿਰਦ ਪਾਠਕਾਂ ਦੀ ਵੀ ਲੋੜ ਹੈ, ਜਿਹੜੇ ਹੋਰ ਪਾਠਕ ਵਧਾ ਸਕਦੇ ਹਨ, ਆਪਣੇ ਵੱਲੋਂ ਕਿਸੇ ਸਾਕ ਸਬੰਧੀ ਜਾਂ ਦੋਸਤ ਲਈ ਇਕ ਸਾਲ ਦਾ ਚੰਦਾ ਭੇਜ ਕੇ ਤੋਹਫ਼ੇ ਵਜੋਂ ਪਰਚਾ ਲਗਵਾ ਸਕਦੇ ਹੋ।

ਕੀ ਸਾਡਾ ਪੰਜਾਬੀ ਭਾਈਚਾਰਾ ਆਰਥਿਕ ਪੱਖੋਂ ਇੰਨਾ ਹੀ ਕਮਜ਼ੋਰ ਹੈ ਕਿ ਅਸੀਂ ਇਕ ਪਰਚਾ ਵੀ ਚੰਗੀ ਤਰ੍ਹਾਂ ਨਹੀਂ ਚਲਾ ਸਕਾਂਗੇ ?

ਅਸੀਂ ਲੰਗਰ ਵਾਸਤੇ ਤਾਂ ਬਹੁਤ ਖੁੱਲ੍ਹ ਕੇ ਦਾਨ ਦਿੰਦੇ ਹਾਂ, ਹਫ਼ਤੇ ਵਿੱਚ ਸਵਾ ਪੌਂਡ ਦਾ ਇਕ ਪਰਚਾ ਕਿਉਂ ਨਹੀਂ ਖਰੀਦ ਸਕਦੇ, ਜਿਸ ਨਾਲ ਆਪਣੇ ਆਲੇ ਦੁਆਲੇ ਬਾਰੇ ਗਿਆਨ ਵਿੱਚ ਵਾਧਾ ਹੁੰਦਾ ਹੈ। ਇਹ ਵੀ ਗਿਆਨ ਦਾ ਲੰਗਰ ਹੈ ਅਤੇ ਆਪਣੀ ਬੋਲੀ ਨੂੰ ਜਿਉਂਦਾ ਰੱਖਣ ਦਾ ਇਕ ਸਾਧਨ ਵੀ ਹੈ।

ਇਸ ਵੱਟਸ ਐਪ ਨੰਬਰ ‘ਤੇ ਜਾਂ ਈਮੇਲ ਰਾਹੀਂ ਵੀ ਤੁਸੀਂ ਆਪਣੇ ਇਸ਼ਤਿਹਾਰ ਭੇਜ ਸਕਦੇ ਹੋ, ਜਾਂ ਵਧੇਰੇ ਜਾਣਕਾਰੀ ਲਈ ਫੋਨ ਕਰੋ:

Mob: 07966 388 388 Tel: 01332 372851

ਈਮੇਲ: panjabtimes@aol.com / www:panjabtimes.uk



VACANCIES

JSR CONTRACTS LTD.

ਵੱਖ ਵੱਖ ਸ਼ਹਿਰਾਂ ਵਿੱਚ ਕੰਸਟਰਕਸ਼ਨ ਸਾਈਟ ‘ਤੇ ਕੰਮ ਕਰਨ ਵਾਲੇ ਕਾਮਿਆਂ ਦੀ ਸਾਨੂੰ ਤੁਰੰਤ ਲੋੜ ਹੈ

CONSTRUCTION BUILDERS REQUIRED ON VARIOUS SITES IN UK

Job Type: 5319 Construction & building trades not elsewhere classified

Job Description: In this role as an experienced builder, a diverse set of responsibilities during the job consists of 40 hours of dedicated work per week. These encompass a wide spectrum of construction tasks, including but not limited to concrete pouring, excavation, framing, roofing, demolition, scaffolding, and the creation of various structures using materials like stone, brick, and reinforced concrete. Additionally, the role may extend to actively participating in roadwork projects and steelwork, and there might be occasions to perform various trade-related duties. Proficiency in tasks such as blueprint interpretation and equipment operation is required. A firm commitment to adhering to safety protocols, effective collaboration with both colleagues and subcontractors, strict adherence to project timelines and quality standards, and clear and concise communication skills. This position is classified under SOC 5319 and holds a place on the Shortage Occupation List, signifying its vital importance within the construction industry. Annual pay is £26,500.

Person must have CSCS, CCDO, IPAF, Driving Licence, IPAF, SSSTS, Asbestos Awareness and Manual Handling.
Overseas candidates must do UK construction industry standard qualifications on arrival and before joining the job.

Contact Mr. Randhawa via email below:
Email: jsrcontractslimited@gmail.com

MANAK SOLICITORS

**Nosheen Bukhari**
Wills & Probate Director



Nosheen is an experienced Private Client Solicitor, specialising in all matters connected to Wills, Lasting Powers of Attorney, Court of Protection applications, Probate and Trust work. She is renowned as friendly, approachable, respectful and empathetic to clients.

Gravesend | Orpington | Sevenoaks | London



manaksolicitors.co.uk
**0800 634 9726**

Google ★★★★★ 4.9/5 CUSTOMER REVIEWS

Lexcel Legal Practice Quality Mark Law Society Accredited



**Rajbir Singh Manak MA (Hons)** **Surinder Singh Manak LLB (Hons)**

# REMEMBERING SHAHEED KARTAR SINGH SARABHA

## ਸ਼ਹੀਦ ਸਰਦਾਰ ਕਰਤਾਰ ਸਿੰਘ ਸਰਾਭਾ ਨੂੰ ਯਾਦ ਕਰਦਿਆਂ



Kartar Singh Sarabha was 19 when he was executed by the british colonial rule on the 16th November 1915. If his life was short, Sarabha legacy inspired Bhagat Singh who would carry a photo of Sarabha in his pocket at all times.

The great Sarabha was born on the 24th may 1896 in Sarabha village, Ludhianah district, Punjab. He sailed to America in 1912 for higher studies, at the age of 15 the teenager joined the Ghadar movement, which was committed to an armed struggle to recreate the 1857 to free India from colonial rule.



ਲੰਬੜਦਾਰ ਧਰਮਵੀਰ ਸਿੰਘ ਕਲੇਰ, ਕਵੈਂਟਰੀ

Kartar Singh Sarabha set a glowing example of the struggle for India independence, Sarabha attainment political consciousness within six months founding the Ghadar party. The Ghadar party, within its origin among Indian migrants workers was marked from beginning by its revolutionary orientation.

The Ghadar party, outlook had drawing inspiration from irish and mexican and Russian as well as indian revolutionaries.

Kartar SIngh Sarabha was betrayed by a police informer he was reciting a poem to the people gathered in his house. Sarabha was sentenced to death and executed with six others.

**From : LAMBARDAR DHARMVEER SINGH CLAIRE COVENTRY**


GSD

GSD ESTATE AGENTS
RESIDENTIAL & COMMERCIAL PROPERTY EXPERTS
SALES • LETTINGS • MANAGEMENT

EXPERIENCED & INDEPENDENT
FAMILY OWNED & OPERATED

How much is your home worth ?
More properties wanted for qualified applicants
We can sell or let your properties fast
2-3 year rent guarantee schemes available

ਜੀ. ਐਸ. ਡੀ. ਇਸਟੇਟ ਏਜੰਟਸ
ਤੁਹਾਡੇ ਘਰ ਦੀ ਕਿੰਨੀ ਕੀਮਤ ਹੈ ?
ਤੁਹਾਡੀ ਜਾਇਦਾਦ ਵੇਚਣ ਜਾਂ ਕਿਰਾਏ 'ਤੇ ਦੇਣ ਲਈ ਤੁਹਾਡੀ ਮਦਦ ਕਰ ਸਕਦੇ ਹਾਂ।
ਯੋਗ ਅਰਜ਼ੀ ਕਰਤਾਵਾਂ ਲਈ ਹੋਰ ਜਾਇਦਾਦਾਂ ਚਾਹੀਦੀਆਂ ਹਨ।
ਗਰੰਟੀ 'ਤੇ ਕਿਰਾਏ ਲਈ 2-3 ਸਾਲ ਦੀਆਂ ਯੋਜਨਾਵਾਂ ਵੀ ਉਪਲੱਬਧ ਹਨ।
ਜਾਇਦਾਦ ਸਬੰਧੀ ਤਜ਼ਰਬੇਕਾਰ ਤੇ ਪ੍ਰੋਫੈਸ਼ਨਲ ਮਾਹਿਰਾਂ ਦੀ ਸਲਾਹ ਜ਼ਰੂਰ ਲਵੋ

EXCELLENCE AS STANDARD *Supporting a greener future*

Director: Mr Gurjeet Singh Dhariwal

Visit our website: www.gsdestates.com
Tel: 020 8570 1284 Email: info@gsdestates.com
10 New Heston Road, Heston, TW5 0LJ
GSD Estate Agents Ltd. Company No: 06529322. All rights reserved



ਸੁਮਨ ਮੈਰਿਜ ਬਿਊਰੋ (ਇੰਟਰਨੈਸ਼ਨਲ)

UK'S FIRST ASIAN MARRIAGE BUREAU

Guaranteed introduction service - Since 1972
CURRENTLY SEEKING MATCHES FOR THE FOLLOWING
JAT SIKH GIRLS (F) & BOYS (M) - (*with turban/beard):

| | | | | |
|---|---|---|---|---|
| 26 | 5'04" | BSc Optometry | Optometrist | Single (F) |
| 27 | 5'03" | B.A. History | Product Manager | Single (F) |
| 27 | 5'07" | M.D. | Doctor | Single (F) |
| 29 | 5'09" | LLB (Hons) | Lawyer (Solicitor) | Single (F) |
| 29 | 5'08" | DDA | Dentist | Single (F) |
| 29 | 5'04" | LLB (Hons) , LPC | Trainee Solicitor | Single (F) |
| 29 | 5'07" | ACCA | Accountant | Single (F) |
| 27 | 6'02" | Graduate | Financial Sector | Single (M) |
| 29 | 5'10"+ | MBChB | Doctor-GP Training | Single (M) |
| 29* | 6'00" | M.Pharms | Pharmacy Area Man. | Single (M) |
| 29 | 6'04" | Graduation | Business Owner | Single (M) |
| 30 | 5'11" | Graduation | Business Owner | Single (M) |

OVER 50 YEARS OF MATCHMAKING
Please feel free to contact us to discuss your requirements in confidence and without any obligation! English/Punjabi spoken.

SUMAN MARRIAGE BUREAU
Bespoke Matchmaking Service
0121 582 9995 or 020 8571 5145
WhatsApp/Signal: 07485 708717
Web: www.s-m-b.com Email: info@s-m-b.com
Providing a personal matchmaking service for all Asian communities
Follow us on Facebook: www.facebook.com/SumanMarriageBureau
Instagram: @SumanMarriageBureau
WE HAVE CLIENTS ALL OVER UK

# ਇਟਲੀ ਦੀ ਪਹਿਲੀ ਪੰਜਾਬਣ ਰਾਜਦੀਪ ਕੌਰ ਪ੍ਰਵਾਸੀ ਔਰਤਾਂ ਲਈ ਬਣ ਰਹੀ ਮਿਸਾਲ, ਜ਼ੋਖ਼ਮ-ਭਰੇ ਕੰਮ ਤੇਲ ਟੈਂਕਰ ਦੀ ਕਰ ਰਹੀ ਏ ਡਰਾਇਵਰੀ * ਰੀਝਾਂ ਨੂੰ ਮਾਰ ਕੇ ਕੋਈ ਜਿਉਣਾ ਨਹੀਂ ਹੁੰਦਾ :-ਰਾਜਦੀਪ ਕੌਰ







ਰੋਮ ਇਟਲੀ-(ਗੁਰਸ਼ਰਨ ਸਿੰਘ ਸੋਨੀ)ਰੀਝਾਂ ਨੂੰ ਮਾਰ ਕੇ ਕੋਈ ਜਿਉਣਾ ਨਹੀਂ ਹੁੰਦਾ ਜੇਕਰ ਜਿੰਦਗੀ ਜਿਉਣੀ ਚਾਹੁੰਦੇ ਹੋ ਤਾਂ ਜੋ ਸੁਪਨੇ ਤੁਸੀ ਦੇਖਦੇ ਹੋ ਜਾਂ ਜਿਹੜੇ ਸੁਪਨੇ ਤੁਹਾਨੂੰ ਸੌਣ ਨਹੀਂ ਦਿੰਦੇ ਉਹਨਾਂ ਸੁਪਨਿਆਂ ਨੂੰ ਉਹਨਾਂ ਰੀਝਾਂ ਨੂੰ ਸੱਚ ਕਰਨ, ਹਕੀਕਤ ਬਣਾਉਣ ਲਈ ਸੰਘਰਸ਼ ਕਰੋ ਹਾਲਾਤਾਂ ਨਾਲ ਆਪਣੇ ਆਪ ਨਾਲ ਤੇ ਦੁਨੀਆਂ ਨੂੰ ਦਿਖਾਓ ਕਿ ਜੇਕਰ ਇਨਸਾਨ ਦੇ ਇਰਾਦੇ ਬੁਲੰਦ ਤੇ ਦ੍ਰਿੜ ਹੋਣ ਤਾਂ ਦੁਨੀਆਂ ਵਿੱਚ ਕੋਈ ਵੀ ਕੰਮ ਅਸੰਭਵ ਨਹੀਂ ਹੁੰਦਾ।

ਇਹ ਅਲਫਾਜ਼ ਹਨ ਪੰਜਾਬ ਦੀ ਉਸ ਧੀ ਦੇ ਜਿਹੜੀ ਕਿ ਪੰਜਾਬ ਦੇ ਜ਼ਿਲ੍ਹਾ ਫਤਿਹਗੜ੍ਹ ਸਾਹਿਬ ਦੇ ਪਿੰਡ ਨੰਦਪੁਰ ਕਲੌੜ ਵਿਖੇ ਸਿੱਖ ਪਰਿਵਾਰ ਦੇ ਸ: ਕਰਮ ਸਿੰਘ ਤੇ ਬੀਬੀ ਜਸਪਾਲ ਕੌਰ ਦੇ ਘਰ ਜਨਮੀ ਰਾਜਦੀਪ ਕੌਰ ।ਜਿਸ ਨੂੰ ਖੇਤੀ-ਬਾੜੀ ਨਾਲ ਸੰਬਧਤ ਮਸ਼ੀਨਰੀ ਚਲਾਉਣ ਦਾ ਸ਼ੌਕ ਬਚਪਨ ਤੋਂ ਹੀ ਸੀ ਇਸ ਸ਼ੌਕ ਨੇ ਉਸ ਨੂੰ ਅੱਜ ਇਟਲੀ ਦੀ ਪਹਿਲੀ ਅਜਿਹੀ ਪੰਜਾਬਣ ਬਣਾ ਦਿੱਤਾ ਹੈ ਜਿਹੜੀ ਲੰਬਾਰਦੀਆ, ਇਮਿਲੀਆ ਰੋਮਾਨਾ ਤੇ ਕਈ ਹੋਰ ਇਲਾਕਿਆਂ ਵਿੱਚ ਤੇਲ (ਪੈਟਰੋਲ, ਡੀਜ਼ਲ)ਦੇ ਟੈਂਕਰ ਦੀ ਡਰਾਇਵਰ ਬਣ ਪੈਟਰੋਲ ਪੰਪਾਂ ਉਪੱਰ ਤੇਲ ਦੀ ਸਪਲਾਈ ਪਹੁੰਚਾਉਣ ਦਾ ਜੋਖ਼ਮ ਭਰਿਆ ਕੰਮ ਕਰਦੀ ਹੈ ਜਦੋਂ ਕਿ ਇਸ ਖੇਤਰ ਵਿੱਚ ਖਤਰੇ ਵਾਲਾ ਕੰਮ ਹੋਣ ਕਾਰਨ ਇਟਾਲੀਅਨ ਕੁੜੀਆਂ ਨਾ ਦੇ ਬਰਾਬਰ ਹਨ।ਇਟਾਲੀਅਨ ਇੰਡੀਅਨ ਪ੍ਰੈੱਸ ਕਲੱਬ ਨਾਲ ਆਪਣੀ ਸੰਘਰਸ ਭਰੀ ਕਾਮਯਾਬੀ ਦੀ ਗੱਲ ਕਰਦਿਆਂ ਰਾਜਦੀਪ ਕੌਰ (ਜਿਹੜੀ ਕਿ ਹਰਜਿੰਦਰ ਸਿੰਘ ਨਾਲ ਵਿਆਹ ਕਰਵਾ ਸੰਨ 2006 ਵਿੱਚ ਇਟਲੀ ਆਈ)ਨੇ ਕਿਹਾ ਕਿ ਪਹਿਲਾ-ਪਹਿਲ ਉਸ ਨੇ ਫੈਕਟਰੀ ਵਿੱਚ ਕੰਮ ਕੀਤਾ ਫਿਰ ਹਸਪਤਾਲ ਵਿੱਚ ਵਾਰਡ ਸਹਿਯੋਗੀ ਵਜੋਂ ਵੀ ਸੇਵਾਵਾਂ ਦਿੱਤੀ ਪਰ ਉਸ ਨੂੰ ਉਹ ਸਕੂਨ ਨਹੀਂ ਮਿਲਿਆ ਜਿਹੜਾ ਕਿ ਉਹ ਕੁਝ ਵੱਖਰਾ ਕਰ ਹਾਸਿਲ ਕਰਨਾ ਚਾਹੁੰਦੀ ਸੀ ਫਿਰ ਉਸ ਨੇ ਸੋਸ਼ਲ ਮੀਡੀਏ ਉਪੱਰ ਕੈਨੇਡਾ ਦੀ ਇੱਕ ਕੁੜੀ ਨੂੰ ਟਰੱਕ ਚਲਾਉਂਦਿਆ ਦੇਖਿਆ ਬਸ ਫਿਰ ਕੀ ਸੀ ਰਾਜਦੀਪ ਕੌਰ ਨੂੰ ਮੰਜ਼ਿਲ ਮਿਲ ਗਈ ਉਸ ਨੇ ਕੈਨੇਡਾ ਦੀ ਪੰਜਾਬਣ ਨੂੰ ਆਪਣਾ ਮਾਰਗ ਦਰਸ਼ਕ ਮਨ ਟੱਰਕ ਡਰਾਇਵਰ ਬਣਨ ਲਈ ਨਵੀਆਂ ਪੁਲਾਂਘਾ ਪੁੱਟਣੀਆਂ ਸ਼ੁਰੂ ਕਰ ਦਿੱਤੀਆਂ ਇਸ ਖੇਤਰ ਵਿੱਚ ਚਾਹੇ ਉਸ ਨੂੰ ਕਾਫ਼ੀ ਸੰਘਰਸ਼ ਕਰਨਾ ਪਿਆ ਪਰ ਪਤੀ ਹਰਜਿੰਦਰ ਸਿੰਘ ਤੇ ਹੋਰ ਪਰਿਵਾਰ ਦੀਆਂ ਪ੍ਰੇਰਨਾਵਾਂ ਸੱਦਕੇ ਅੱਜ ਰਾਜਦੀਪ ਕੌਰ ਉਸ ਮੁਕਾਮ ਉਪੱਰ ਪਹੁੰਚ ਹੀ ਗਈ ਜਿਹੜਾ ਕਦੀਂ ਉਸ ਲਈ ਸਿਰਫ਼ ਸੁਪਨਾ ਸੀ ਤੇ ਉਹ ਇਟਲੀ ਦੀਆਂ ਪਰਵਾਸੀ ਔਰਤਾਂ ਲਈ ਕਾਮਯਾਬੀ ਦੀ ਇੱਕ ਮਿਸਾਲ ਹੈ।7 ਫਰਵਰੀ ਨੂੰ ਰਾਜਦੀਪ ਕੌਰ ਆਪਣਾ ਜਨਮ ਦਿਨ ਮਨਾਉਂਦੇ ਹੋਏ ਇਟਲੀ ਦੀਆਂ ਉਹਨਾਂ ਤਮਾਮ ਪੰਜਾਬਣਾਂ ਨੂੰ ਇਹ ਕਹਿਣਾ ਚਾਹੁੰਦੀ ਹੈ ਕਿ ਜਿੰਦਗੀ ਵਿੱਚ ਕਾਮਯਾਬ ਹੋਣ ਦਾ ਮੌਕਾ ਦੇਰ ਸਵੇਰ ਵਾਹਿਗੁਰੂ ਸਭ ਨੂੰ ਦਿੰਦਾ ਜਰੂਰ ਹੈ ਪਰ ਮਿਹਨਤ, ਸੰਘਰਸ਼ ਤੇ ਬਲੁੰਦ ਇਰਾਦਿਆਂ ਨਾਲ ਹਾਸਿਲ ਕੀਤੀ ਕਾਮਯਾਬੀ ਦਾ ਕੀ ਆਨੰਦ ਹੈ ਇਹ ਉਹੀ ਸਮਝ ਸਕਦਾ ਜਿਸ ਨੇ ਬਿਨ੍ਹਾਂ ਰੁੱਕੇ ਬਿਨ੍ਹਾਂ ਝੁੱਕੇ ਹੱਡ ਭੰਨਵੀ ਮਿਹਨਤ ਕਰ ਕਾਮਯਾਬੀ ਹਾਸਿਲ ਕੀਤੀ ਹੋਵੇ।ਇਸ ਲਈ ਪੰਜਾਬ ਤੋਂ ਇਟਲੀ ਆਕੇ ਸੌਖਾ ਨਹੀਂ ਵੱਖਰੀ ਪਹਿਚਾਣ ਬਣਾਉਣੀ ਬਸ ਸੰਘਰਸ਼ ਤੇ ਮਿਹਨਤ ਕਰਦੇ ਰਹੋ ਅਕਾਲ ਪੁਰਖ ਸਭ ਨੂੰ ਬੁਲੰਦ ਬਖ਼ਸੇਗਾ। ਰਾਜਦੀਪ ਕੌਰ ਦੀ ਕਈ ਸਾਲ ਕੀਤੀ ਮਿਹਨਤ ਦਾ ਵਕਤ ਨੇ ਅੱਜ ਮੁੱਲ ਪਾ ਦਿੱਤਾ ਹੈ ਤੇ ਬਾਕੀ ਉਹਨਾਂ ਸਭ ਪੰਜਾਬਣਾਂ ਨੂੰ ਵੀ ਕਾਮਯਾਬੀ ਜ਼ਰੂਰ ਮਿਲੇਗੀ ਜਿਹੜੀਆਂ ਕੁਝ ਵੱਖਰਾ ਕਰਨ ਦੇ ਸੁਪਨੇ ਦੇਖ ਦਿਨ-ਰਾਤ ਮਿਹਨਤ ਮੁਸ਼ੱਕਤ ਕਰ ਰਹੀਆਂ ਹਨ।ਜ਼ਿਕਰਯੋਗ ਹੈ ਇਸ ਸਮੇਂ ਇਟਲੀ ਵਿੱਚ ਭਾਰਤੀਆਂ ਦੀ ਕਾਮਯਾਬੀ ਦਾ ਜ਼ਿਕਰ ਹਰ ਖੇਤਰ ਵਿੱਚ ਜ਼ੋਰ ਫੜ੍ਹਦਾ ਜਾ ਰਿਹਾ ਹੈ ਜਿਹੜਾ ਕਿ ਚੰਗਾ ਸ਼ੰਗਨ ਮੰਨਿਆ ਜਾ ਰਿਹਾ ਹੈ ।ਹੁਣ ਉਹ ਦਿਨ ਦੂਰ ਨਹੀਂ ਜਦੋਂ ਅਮਰੀਕਾ-ਕਨੇਡਾ ਵਾਂਗਰ ਇਟਲੀ ਦੇ ਭਾਰਤੀਆਂ ਦਾ ਵੀ ਮਾਣਮੱਤਾ ਇਤਿਹਾਸ ਹੋਵੇਗਾ।

ਪੰਜਾਬ ਟਾਈਮਜ਼

PANJAB TIMES (EST 1965)

ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ ਹੇਠਾਂ ਦਿੱਤੇ ਫ਼ੋਨ ਨੰਬਰ 'ਤੇ ਸੰਪਰਕ ਕਰੋ :

FOR SUBSCRIPTION
(PLEASE TICK ONE RELEVANT BOX)
6 MONTHS ---- £95
1 YEAR ---- £180

ਪਰਚੇ ਦਾ ਚੰਦਾ ਕਰੈਡਿਟ ਕਾਰਡ ਜਾਂ ਵੀਜ਼ਾ ਕਾਰਡ ਰਾਹੀਂ ਦੇਣ ਵਾਸਤੇ ਅਤੇ ਬਿੱਲਾਂ ਦਾ ਭੁਗਤਾਨ ਕਰਨ ਲਈ ਹੇਠਾਂ ਦਿੱਤੇ ਨੰਬਰ 'ਤੇ ਫ਼ੋਨ ਕਰੋ । ਚੰਦਾ ਬੈਂਕ ਅਕਾਊਂਟ ਵਿੱਚ ਵੀ ਪਾ ਸਕਦੇ ਹੋ। ਜਾਂ ਪਰਚਾ ਡਾਕ ਰਾਹੀਂ ਘਰ ਮੰਗਵਾਉਣ ਲਈ ਹੇਠਾਂ ਦਿੱਤਾ ਕੂਪਨ ਭਰ ਕੇ ਚੈੱਕ ਨਾਲ ਭੇਜੋ ।

NAME............................................................................
ADDRESS......................................................................
..........................................POST CODE...............................
TEL...............................................................................

Barclays Bank details: ACCOUNT: Punjab Times Trust
ACCOUNT NO: 20853011 SORT CODE: 20-25-85

Post with payments to: SUBSCRIPTION
PANJAB TIMES BRIDLE GATE LANE, ALVASTON, DERBY, DE24 0QW, U.K.
TEL: 01332 372851 FAX: 01332 374819
or please ring on Mo: 07966 388 388
www.panjabtimes.uk Email: Panjabtimes@aol.com

ਵਿਆਹ, ਪਾਰਟੀਆਂ ਤੇ ਹਰ ਤਰ੍ਹਾਂ ਦੇ ਸਮਾਗਮਾਂ ਲਈ ਹੰਸਲੋ ਵਿਖੇ ਸ਼ਾਨਦਾਰ ਟਿਕਾਣਾ

ਕਿੰਗਜ਼ਵੇਅ ਬੈਂਕਿਊਟਿੰਗ ਸੁਈਟ


ਸਾਡੇ ਤਾਜ਼ਾ ਤੇ ਵੰਨ-ਸੁਵੰਨੇ ਖਾਣਿਆਂ ਦੀ ਚੋਣ ਤੁਹਾਡੀ ਤੇ ਸੇਵਾ ਸਾਡੀ

ਹਰ ਤਰ੍ਹਾਂ ਦੀਆਂ ਪਾਰਟੀਆਂ ਲਈ ਹਾਲ ਮੁਫ਼ਤ!

ਕਿਸੇ ਵੀ ਤਰ੍ਹਾਂ ਦੀ ਪਾਰਟੀ ਦਾ ਆਯੋਜਨ ਕਰਨ ਤੋਂ ਪਹਿਲਾਂ ਇਕ ਵਾਰ ਸਾਡੇ ਨਾਲ ਗੱਲ ਜ਼ਰੂਰ ਕਰੋ। ਸਾਡੀ ਵਧੀਆ ਅਤੇ ਸ਼ਾਨਦਾਰ ਸਰਿਵਸ ਦੇਖ ਕੇ ਤੁਹਾਡੇ ਮਹਿਮਾਨ ਅਸ਼-ਅਸ਼ ਕਰ ਉਠਣਗੇ ।

ਵਿਆਹ ਮੌਕੇ ਗੁਰਦੁਆਰਾ ਸਾਹਿਬ ਵਿਖੇ ਸਵੇਰ ਦੀ ਚਾਹ ਨਾਲ ਤਾਜ਼ਾ ਸਮੋਸੇ, ਪਕੌੜੇ, ਸਪਰਿੰਗ ਰੋਲ ਤੇ ਤੁਹਾਡੀ ਮਨਪਸੰਦ ਮਿਠਿਆਈ ਬਹੁਤ ਰਿਆਇਤੀ ਭਾਅ ਤੇ ਉਪਲਬਧ ਕਰਦੇ ਹਾਂ !

ਅੱਜ ਹੀ ਸੰਪਰਕ ਕਰੋ ਤੇ ਖਾਣਿਆਂ ਦੇ ਬਾਦਸ਼ਾਹ ਸਵ: ਉਮਰਾਓ ਅਟਵਾਲ ਦੇ 40 ਸਾਲਾ ਤਜ਼ਰਬੇ ਦਾ ਲਾਭ ਉਠਾਓ



ਸਵ: ਸ੍ਰ. ਉਮਰਾਓ ਅਟਵਾਲ

ਯੂ.ਕੇ. 'ਚ ਲੱਡੂਆਂ ਦੇ ਸਭ ਤੋਂ ਮਾਹਿਰ

KINGSWAY BANQUETING SUITE
270-272 BATH ROAD, HOUNSLOW, MIDDLESEX, TW4 7DF.
(OPP. HOUNSLOW WEST TUBE STATION)
TEL: 020 8570 8351
Email: Kingswaylondon@icloud.com, www.kingswaybanqueting.com

# ਕੈਂਸਰ ਦਾ ਹਰ ਉਮਰ ਵਿੱਚ ਵੱਧ ਰਿਹਾ ਹੈ ਅੰਕੜਾ

**ANIL DHEER**
Columnist Alternative Therapist
Certified in IPC, Tropicalí Dí (WÍHÍO)
Covid-19 Vaccine-specific resources
PHR, UNICEF & Health Educator Awardee




"ਵਿਸ਼ਵ ਕੈਂਸਰ ਦਿਵਸ-2024 ਦਾ ਥੀਮ ਹੈ- ਕੇਅਰ ਗੈਪ ਨੂੰ ਬੰਦ ਕਰੋ: ਹਰ ਆਦਮੀ ਕੈਂਸਰ ਕੇਅਰ ਤੱਕ ਪਹੁੰਚ ਦਾ ਹੱਕਦਾਰ ਹੈ। ਲਾਈਫ ਸਟਾਈਲ ਨਾਲ ਜੁੜੀ ਆਮ ਬਣ ਚੁੱਕੀ ਬਿਮਾਰੀ ਕੈਂਸਰ ਦਾ ਵੱਧ ਰਿਹਾ ਅੰਕੜਾ ਵਿਸ਼ਵ ਪੱਧਰ 'ਤੇ ਚਿੰਤਾ ਬਣ ਚੁੱਕਾ ਹੈ। ਡਰੱਗਜ਼, ਵੀਡ, ਵੇਪਸ, ਤੰਬਾਕੂ, ਜੰਕ-ਫੂਡ,'ਤੇ ਪ੍ਰੈਗਨੈਂਸੀ ਦੌਰਾਣ ਅਲਕੋਹਲ ਦੀ ਵਰਤੋਂ ਪ੍ਰਤੀ ਜਾਗਰੂਕ ਹੋਣ ਦੇ ਨਾਲ-ਨਾਲ ਕੰਟ੍ਰੋਲ ਕਰਨਾ ਵੀ ਜ਼ਰੂਰੀ ਹੋ ਗਿਆ ਹੈ"-

ਹੈਲਥ ਮੀਡੀਆ ਕੈਨੇਡਾ : 4 ਫਰਵਰੀ 2024 ਵਾਲੇ ਦਿਨ ਰਾਸ਼ਟਰੀ-ਅੰਤਰਰਾਸ਼ਟਰੀ ਪੱਧਰ 'ਤੇ ਵਿਸ਼ਵਕੈਂਸਰ ਦਿਵਸ ਮਨਾ ਕੇ ਹਰ ਆਦਮੀ ਨੂੰ ਜਾਗਰੂਕ ਕੀਤਾ ਜਾ ਰਿਹਾ ਹੈ। ਵਿਸ਼ਵ ਸਿਹਤ ਸੰਸਥਾ ਦੇ ਮੁਤਾਬਿਕ, ਸਾਲ 2022 'ਚ ਅੰਦਾਜ਼ਨ 20 ਮਿਲੀਅਨ ਨਵੇਂ ਕੈਂਸਰ ਦੇ ਕੇਸ ਅਤੇ 9.7 ਮਿਲੀਅਨ ਮੌਤ ਦੇ ਸ਼ਿਕਾਰ ਹੋਏ ਹਨ। ਕੈਂਸਰ ਦੀ ਜਾਂਚ ਤੋਂ ਬਾਅਦ 5 ਸਾਲ ਦੇ ਅੰਦਰ ਜਿੰਦਾ ਰਹਿਣ ਵਾਲਿਆਂ ਦਾ ਅੰਕੜਾ ਕਰੀਬਨ 53.5 ਮਿਲੀਅਨ ਸੀ। ਲੱਗਭਗ 5 ਵਿੱਚੋਂ 1 ਵਿਅਕਤੀ ਆਪਣੇ ਜੀਵਨ ਕਾਲ 'ਚ ਕੈਂਸਰ ਦਾ ਵਿਕਾਸ ਕਰਦਾ ਹੈ, ਲੱਗਭਗ 9 ਵਿੱਚੋਂ 1 ਪੁਰਸ਼ ਅਤੇ 12 ਵਿੱਚੋਂ 1 ਔਰਤ ਇਸ ਬਿਮਾਰੀ ਮੌਤ ਦਾ ਸ਼ਿਕਾਰ ਹੋ ਜਾਂਦੀ ਹੈ।

ਹਰ ਸਾਲ, ਇਸ ਦਿਨ ਵਿਸ਼ਵ ਭਰ 'ਚ ਹਰ ਪੱਧਰ 'ਤੇ ਆਨਲਾਈਨ ਅਤੇ ਔਫਲਾਈਨ ਕੈਂਸਰ ਪ੍ਰਤੀ ਗਤੀਵਿਧੀਆਂ, ਜਾਗਰੁਕਤਾ ਇੱਕ ਸ਼ਕਤੀਸ਼ਾਲੀ ਰੀਮਾਈਂਡਰ ਵੱਜੋਂ ਕੰਮ ਕਰਦੀਆਂ ਹਨ ਕਿ ਹਰ ਆਦਮੀ ਕੈਂਸਰ ਦੇ ਬੋਝ ਨੂੰ ਘਟਾਉਣ ਅਤੇ ਜਾਗਰੁਕਤਾ ਪੈਦਾ ਕਰਨ 'ਚ ਆਪਣੀ ਭੂਮਿਕਾ ਨਿਭਾਉਂਦਾ ਹੈ। ਵਿਸ਼ਵ ਭਰ ਵਿਚ ਜਾਨਲੇਵਾ ਬਿਮਾਰੀ ਕੈਂਸਰ, ਬੱਚੇ, ਨੌਜਵਾਨ, ਮੱਧ ਉਮਰ, ਅਤੇ ਸੀਨੀਅਰਜ਼ ਵਿਚ ਤੇਜ਼ੀ ਨਾਲ ਵੱਧ ਰਹੀ ਹੈ। ਕੈਂਸਰ ਦੁਨੀਆ ਭਰ ਵਿਚ ਮੌਤ ਦਾ ਦੂਜਾ ਕਾਰਨ ਬਣ ਗਈ ਹੈ। ਹਰ ਸਾਲ ਘੱਟ ਅਤੇ ਦਰਮਿਆਨੀ ਆਮਦਨੀ ਵਾਲੇ ਦੇਸ਼ਾਂ ਵਿਚ ਲੱਗਭਗ 83%ਅਤੇ ਅੰਦਾਜ਼ਨ 11 ਮਿਲੀਅਨ ਲੋਕ ਕੈਂਸਰ ਦੇ ਕਾਰਨ ਮੌਤ ਦਾ ਸ਼ਿਕਾਰ ਹੋ ਜਾਂਦੇ ਹਨ। ਹਰ ਸਾਲ ਵਿਸ਼ਵ ਭਰ ਵਿੱਚ ਅੰਦਾਜ਼ਨ 300,000 ਤੋਂ ਵੱਧ ਬੱਚੇ ਕੈਂਸਰ ਦਾ ਸ਼ਿਕਾਰ ਹੋ ਰਹੇ ਹਨ। ਡਬਲਯੂਐਚਓ ਨੇ ਕਿਹਾ ਹੈ ਕਿ ਬਚਪਨ ਦੇ ਕੈਂਸਰ ਪ੍ਰਤੀਵਚਨਬੱਧਤਾ ਅਤੇ ਕੈਂਸਰ ਅਵੇਅਰਨੈਸ ਪ੍ਰੋਗਰਾਮਾਂ ਨੂੰ ਤਰਜੀਹ ਵੀ ਦੇ ਰਿਹਾ ਹੈ। ਗਲੋਬਲ ਅਤੇ ਰਾਸ਼ਟਰੀ, ਖੇਤਰੀ ਪੱਧਰ 'ਤੇ ਵੱਖਰੀ ਰਣਨੀਤੀ ਅਤੇ ਗਤੀਵਿਧੀਆਂ ਨਾਲ ਕੈਂਸਰ ਨਾਲ ਪੀੜਤ ਬੱਚਿਆਂ ਲਈ ਮਿਆਰੀ ਸੇਵਾਵਾਂ ਪ੍ਰਦਾਨ ਕਰਨ ਲਈ ਠੋਸ ਉਪਰਾਲੇ ਕਰ ਰਹੇ ਹਾਂ।

ਕੈਂਸਰ ਦਾ ਭਾਰ ਵਿਸ਼ਵਵਿਆਪੀ ਪੱਧਰ 'ਤੇ ਵੱਧਦਾ ਜਾ ਰਿਹਾ ਹੈ। ਸਿਰਫ ਅਮਰੀਕਾ ਵਿਚ ਕੈਂਸਰ ਦੀਕੁੱਲ ਸਲਾਨਾ ਆਰਥਿਕ




ਲਾਗਤ 1.16 ਟ੍ਰਿਲੀਅਨ ਦਾ ਅਨੁਮਾਨ ਹੈ ਪਰ ਦੁਨੀਆ ਭਰ ਵਿਚ ਕੈਂਸਰ ਕਾਰਨਹੋਣ ਵਾਲਾ ਖਰਚ ਵੀ ਕਈ ਟ੍ਰਿਲੀਅਨ ਤੋਂ ਵੱਧ ਹੈ। ਬਿਮਾਰੀ ਦਾ ਛੇਤੀ ਪਤਾ ਲਗਾਉਣ ਅਤੇ ਇਲਾਜ ਦੇਸਾਧਨਾਂ ਦੀ ਨਵੀਂ ਰਣਨੀਤੀ ਨਾਲ ਹਰ ਸਾਲ ਕਰੀਬਨ 3.7 ਮਿਲੀਅਨ ਲੋਕਾਂ ਦੀ ਜ਼ਿੰਦਗੀ ਬਚਾਈ ਜਾਸਕਦੀ ਹੈ। ਕੈਂਸਰ ਦੇ ਬੋਝ ਨੂੰ ਘੱਟ ਕਰਨ ਵਿਚ ਹਰ ਆਦਮੀ ਨੂੰ " ਮੈਂ ਕਰ ਸਕਦਾ ਹਾਂ, ਯਾਨਿ ਅਸੀਂਕਰ ਸਕਦੇ ਹਾਂ" ਵਰਗੀ ਸੋਚ ਨੂੰ ਬਰਕਰਾਰ ਰੱਖਣ ਦੀ ਲੋੜ ਹੈ ਤਾਕਿ ਕੈਂਸਰ ਨਾਲ ਹੋਣ ਵਾਲੀ ਮੌਤਾਂ ਨੂੰਘੱਟ ਕਰਨ ਲਈ ਰੱਲ-ਮਿਲ ਕੇ ਗਲੋਬਲ ਟੀਚਿਆਂ ਨੂੰ ਹਾਸਿਲ ਕੀਤਾ ਜਾ ਸਕੇ।

ਕੈਂਸਰ ਇਕ ਜੈਨੇਟਿਕ ਬਿਮਾਰੀ ਹੈ- ਯਾਨਿ ਕੈਂਸਰ ਜੀਨਾਂ ਵਿਚ ਕੱਝ ਤਬਦੀਲੀਆਂ ਕਰਕੇ ਹੋ ਜਾਂਦਾ ਹੈ,ਜੋ ਸਾਡੇ ਸੈਲਾਂ ਦੇ ਕੰਮ ਨੂੰ ਕੰਟ੍ਰੋਲ ਕਰਦੇ ਹਨ। ਕੈਂਸਰ ਬਿਮਾਰੀਆਂ ਦਾ ਇੱਕ ਵੱਡਾ ਸਮੂਹ ਹੁੰਦਾ ਹੈ ਜੋਸਰੀਰ ਦੇ ਲਗਭਗ ਕਿਸੇ ਵੀ ਅੰਗ ਜਾਂ ਟਿਸ਼ੂ ਵਿੱਚ ਸ਼ੁਰੂ ਹੋ ਸਕਦਾ ਹੈ ਜਦੋਂ ਅਸਾਧਾਰਨ ਸ਼ੈੱਲ ਬੇਕਾਬੂ ਹੋਜਾਂਦੇ ਹਨ। ਸਰੀਰ ਦੇ ਨਾਲ ਲੱਗਦੇ ਅੰਗਾਂ ਜਾਂ ਹਿੱਸਿਆਂ ਉੱਤੇ ਅਟੈਕ ਅਤੇ ਅੰਗਾਂ ਵਿਚ ਫੈਲਣ ਦੀਆਂਸੀਮਾਵਾਂ ਪਾਰ ਕਰ ਜਾਂਦੇ ਹਨ। ਬਾਅਦ ਦੀ ਪ੍ਰਕਿਰਿਆ ਨੂੰ ਮੈਟਾਸਟਾਸਾਈਜ਼ਿੰਗ ਕਿਹਾ ਜਾਂਦਾ ਹੈ ਅਤੇਇਹ ਕੈਂਸਰ ਤੋਂ ਮੌਤ ਦਾ ਕਾਰਨ ਬਣਦਾ ਹੈ। ਫੇਫੜੇ, ਪ੍ਰੌਸਟੇਟ, ਕੋਲੋਰੇਕਟਲ, ਪੇਟ, ਅਤੇ ਜਿਗਰ ਦਾਕੈਂਸਰ ਮਰਦਾਂ ਵਿੱਚ, ਅਤੇ ਔਰਤਾਂ ਵਿੱਚ ਛਾਤੀ, ਬੱਚੇਦਾਨੀ, ਥਾਇਰਾਈਡ, ਫੇਫੜੇ ਅਤੇ ਕੋਲੋਰਟਲ ਦਾਕੈਂਸਰ ਆਮ ਦੇਖਣ ਨੂੰ ਮਿਲ ਰਿਹਾ ਹੈ। 30-50% ਕੈਂਸਰ ਨਾਲ ਹੋਣ ਵਾਲੀਆਂ ਮੌਤਾਂ ਦੇ ਮੁੱਖ ਜੋਖਮਕਾਰਕਾਂ ਨੂੰ ਕੰਟ੍ਰੋਲ ਜਾਂ ਪਰਹੇਜ਼ ਕਰਕੇ ਅਤੇ ਰੋਕਥਾਮ ਰਣਨੀਤੀਆਂ ਨੂੰ ਲਾਗੂ ਕਰਕੇ ਮੌਤ ਦਾ ਆਂਕੜਾਘਟਾਇਆ ਜਾ ਸਕਦਾ ਹੈ। ਕੈਂਸਰ ਦੀ ਸ਼ੁਰੂਆਤ ਦਾ ਪਤਾ ਲਗਾਉਣ ਲਈ ਸਟੀਕ ਅਡਵਾਂਸ ਜਾਂਚ ਪ੍ਰਕ੍ਰਿਆ ਨਾਲ ਬਿਮਾਰੀ ਨੂੰ ਨਿਯੰਤਰਣ ਕੀਤਾ ਜਾ ਸਕਦਾ ਹੈ।

ਕਾਰਨ : ਉਮਰ: ਉਮਰ ਦੇ ਮੁਤਾਬਿਕ 61 ਸਾਲ ਦੀ ਉਮਰ ਵਿਚ ਛਾਤੀ ਦਾ ਕੈਂਸਰ, 66 ਸਾਲ ਵਿਚਪ੍ਰੋਸਟੇਟ, 68 ਦੀ ਉਮਰ ਵਿਚ ਕੋਲੋਰੇਟਲ ਕੈਂਸਰ, 70 ਦੀ ਉਮਰ ਵਿਚ ਫੇਫੜਿਆਂ ਦਾ ਕੈਂਸਰ ਜਿਆਦਾਦੇਖਿਆ ਜਾ ਰਿਹਾ ਹੈ।

ਅਲਕੋਹਲ: ਦੀ ਬੇਹਿਸਾਬ ਵਰਤੋਂ ਮੂੰਹ, ਠੋਡੀ, ਵੌਇਸ ਬਾਕਸ, ਜਿਗਰ ਅਤੇ ਛਾਤੀ ਦੇ ਕੈਂਸਰ ਦੇਖਤਰੇ ਨੂੰ ਵਧਾ ਰਹੀ ਹੈ।

ਸੋਜਸ਼: ਇੱਕ ਸਧਾਰਣ ਸਰੀਰਕ ਪ੍ਰਤੀਕਰਮ ਹੈ ਜੋ ਟਿਸ਼ੂ ਨੂੰ ਠੀਕ ਕਰਨ ਦਾ ਕਾਰਨ ਬਣਦਾ ਹੈ।ਇਹ ਪ੍ਰਕਿਰਿਆ ਉਦੋਂ ਸ਼ੁਰੂ ਹੁੰਦੀ ਹੈ ਜਦੋਂ ਖਰਾਬ ਹੋਏ ਟਿਸ਼ੂ ਦੁਆਰਾ ਰਸਾਇਣ ਜਾਰੀ ਕੀਤੇਜਾਂਦੇ ਹਨ। ਇਸਦੇ ਜਵਾਬ ਵਿਚ ਚਿੱਟੇ ਖੂਨ ਦੇ ਸੈਲ ਉਹ ਪਦਾਰਥ ਬਣਾਉਂਦੇ ਹਨ ਜੋ ਸੈੱਲਾਂ ਵਿਚਵੰਡ ਪਾਉਂਦੇ ਹਨ ਅਤੇ ਸੱਟ ਨੂੰ ਠੀਕ ਕਰਨ ਵਿਚ ਮਦਦ ਕਰਨ ਲਈ ਟਿਸ਼ੂ ਦੁਬਾਰਾ ਬਣਾਉਣਵਿਚ ਵਾਧਾ ਕਰਦੇ ਹਨ।

ਹਾਰਮੋਨਜ਼: ਫੀਮੇਲ ਸੈਕਸ ਹਾਰਮੋਨਜ਼ ਐਸਟਰੋਜਨਜ਼ ਗਰੁੱਪ ਨੂੰ ਕਾਰਸਿਨਜ ਦੇ ਤੋਰ ਲਈ ਜਾਣਿਆਜਾਂਦਾ ਹੈ। ਹਾਲਾਂਕਿ ਇਨ੍ਹਾਂ ਦੀ ਔਰਤ-ਮਰਦਾਂ ਵਿਚ ਖਾਸ ਸਰੀਰਕ ਭੂਮਿਕਾ ਹੈ। ਮੇਨੋਪੋਜਲਹਾਰਮੋਨ ਥੈਰੇਪੀ (ਐਸਟ੍ਰੋਜਨ ਪਲੱਸ ਪ੍ਰਜੈਸਟਿਨ, ਜੋਕਿ ਫੀਮੇਲ ਹਾਰਮੋਨ ਪ੍ਰੋਜੇਸਟੀਰੋਨ ਦਾਸਿੰਥੈਟਿਕ ਸੰਸਕਰਣ ਹੈ ਲੈਣ ਨਾਲ ਛਾਤੀ ਦੇ ਕੈਂਸਰ ਦਾ ਖਤਰਾ ਵਧਾ ਸਕਦਾ ਹੈ।

ਇਮਯੂਨੋਸਪਰੈਸਿਵ: ਦਵਾਈਆਂ ਦੀ ਵਰਤੋਂ ਕੈਂਸਰ ਦਾ ਕਾਰਨ ਬਣਨ ਵਾਲੀ ਇਨਫੈਕਸ਼ਨ ਨਾਲਲੜਨ ਲਈ ਕੀਤੀ ਜਾਂਦੀ ਹੈ।

ਵਾਇਰਸ: ਬੈਕਟਰੀਆ ਅਤੇ ਪਰਜੀਵੀ ਸਮੇਤ ਕੁੱਝ ਛੂਤਕਾਰੀ ਏਜੰਟ ਕੈਂਸਰ ਦੇ ਖਤਰੇ ਨੂੰ ਵਧਾਸਕਦੇ ਹਨ। ਕੁੱਝ ਵਾਇਰਸ, ਬੈਕਟਰੀਆ ਅਤੇ ਪਰਜੀਵੀ ਵੀ ਗੰਭੀਰ ਸੋਜਸ਼ ਦਾ ਕਾਰਨ ਬਣਦੇਹਨ, ਜਿਸ ਨਾਲ ਕੈਂਸਰ ਹੋ ਸਕਦਾ ਹੈ।

ਮੋਟਾਪਾ: ਔਰਤਾਂ ਵਿਚ ਛਾਤੀ, ਕੋਲਨ, ਗੁਦਾ, ਐਂਡੋਮੇਟ੍ਰੀਅਮ (ਬੱਚੇਦਾਨੀ), ਕਿਡਨੀ ਅਤੇਪੈਨਕ੍ਰੀਅਸ ਦੇ ਕੈਂਸਰ ਦਾ ਖਤਰਾ ਵਧਾ ਸਕਦਾ ਹੈ।

ਰੇਡੀਏਸ਼ਨ: ਡੀ ਐਨ ਏ ਨੂੰ ਨੁਕਸਾਨ ਪਹੁੰਚਾਉਣ ਅਤੇ ਕੈਂਸਰ ਦਾ ਕਾਰਨ ਬਣਨ ਵਿਚਆਇਓਨਾਈਜ਼ਿੰਗ ਰੇਡੀਏਸ਼ਨ ਵਿਚ ਰੇਡਨ, ਐਕਸ-ਰੇ, ਗਾਮਾ ਕਿਰਨਾਂ, ਵੀ ਕੈਂਸਰ ਦੀ ਸੰਭਾਵਨਾਵਧਾ ਦਿੰਦੀ ਹੈ।

ਸੂਰਜ ਦੀ ਕਿਰਣਾਂ: ਸੂਰਜ, ਸਨਲੈਂਪਸ, ਅਤੇ ਟੈਨਿੰਗ, ਯੂਵੀ ਰੇਡੀਏਸ਼ਨ ਦੇ ਐਕਸਪੋਜਰ ਹੋਣਨਾਲ ਚਮੜੀ ਦਾ ਕੈਂਸਰ ਹੋ ਸਕਦਾ ਹੈ।

ਇੰਡਸਟਰੀਅਲ, ਸਿਗਰੇਟ ਅਤੇ ਘਰੇਲੂ ਧੂੰਆ ਵੀ ਕਾਰਨ ਬਣ ਸਕਦਾ ਹੈ।

ਫੇਫੜਿਆਂ ਦੇ ਕੈਂਸਰ ਨਾਲ ਹੋਣ ਵਾਲੀ ਮੌਤ ਦਾ ਕਾਰਨ ਸਿਗਰੇਟ-ਤੰਬਾਕੂ ਪੀਣ ਵਾਲੇ ਲੋਕ ਹਨ।

ਕਦੇ-ਕਦੇ ਸਿਗਰੇਟ ਪੀਣ ਵਾਲੇ ਵੀ 15-30% ਜਿਆਦਾ ਲੰਗ ਕੈਂਸਰ ਦੇ ਸ਼ਿਕਾਰ ਹੋ ਸਕਦੇ ਹਨ। 10 ਵਿੱਚੋਂ 9 ਫੇਫੜਿਆਂ ਦੇ ਕੈਂਸਰ ਦੀਆਂ ਮੌਤਾਂ ਸਿਗਰੇਟ ਪੀਣ ਜਾਂ ਦੂਜੀ ਧੂੰਏ ਦੇ ਐਕਸਪੋਜਰਕਾਰਨ ਹੁੰਦੀਆਂ ਹਨ।

ਲੋੜ ਹੈ ਧਿਆਨ ਰੱਖਣ ਦੀ :


- ਵੀਡ, ਵੇਪਸ, ਤੰਬਾਕੂ ਦੀ ਲਗਾਤਾਰ ਵੱਧ ਰਹੀ ਵਰਤੋਂ ਜਾਨਲੇਵਾ ਸਾਬਿਤ ਹੋ ਰਹੀ ਹੈ, ਅੱਜਇਸਤੇਮਾਲ ਤੋਂ ਬਚਣ ਦੀ ਲੋੜ ਹੈ।
- ਪ੍ਰੋਸੈਸ ਕੀਤੇ ਮੀਟ ਘੱਟ ਵਰਤੋ।
- ਸਰੀਰ ਦੇ ਵਜ਼ਨ ਨੂੰ ਮੇਨਟੇਨ ਕਰਕੇ ਰੱਖੋ।
- ਖੁਰਾਕ ਵਿਚ ਤਾਜ਼ੇ ਫੱਲ-ਸਬਜ਼ੀਆਂ ਨੂੰ ਸ਼ਾਮਿਲ ਕਰੋ।
- ਰੋਜਾਨਾਂ ਵਰਕ-ਆਊਟ, ਯੋਗਾ, ਸੈਰ ਕਰਨ ਦੀ ਆਦਤ ਪਾ ਲਵੋ।
- ਸ਼ਰਾਬ ਦੀ ਵਰਤੋਂ ਨੂੰ ਲਿਮਿਟ ਵਿੱਚ ਰੱਖੋ।
- ਸ਼ਾਦੀਸ਼ੁਦਾ ਔਰਤ-ਮਰਦ ਸੈਕਸ ਰਿਸ਼ਤਿਆਂ ਪ੍ਰਤੀ ਇਮਾਨਦਾਰੀ ਵਰਤਨ।
- ਇੰਡਸਟਰੀਅਲ, ਸਿਗਰੇਟ ਅਤੇ ਘਰੇਲੂ ਧੂੰਏ ਦੇ ਮਾਹੌਲ ਤੋਂ ਬਚੋ।
- ਹਰ 6 ਮਹੀਨੇ ਬਾਅਦ ਆਪਣਾ ਬਲੱਡ-ਵਰਕ ਜਰੂਰ ਕਰਾਓ। ਗੰਭੀਰ ਕਿਸਮ ਦੀ ਇਨਫੈਕਸ਼ਨ ਨਾਲ ਵੀ ਕੈਂਸਰ ਹੋ ਸਕਦਾ ਹੈ।

ਨੋਟ: ਸਰੀਰ ਅੰਦਰ ਕਿਸੇ ਵੀ ਬਿਮਾਰੀ ਦੇ ਲੱਛਣ ਜ਼ਿਆਦਾ ਦੇਰ ਰਹਿਣ ਦੀ ਹਾਲਤ ਵਿਚ ਸਮਾਂਬਰਬਾਦ ਕੀਤੇ ਬਿਨਾਂ ਆਪਣੇ ਫੈਮਿਲੀ ਡਾਕਟਰ ਜਾਂ ਹਸਪਤਾਲ ਨਾਲ ਸੰਪਰਕ ਕਰੋ। ਕਿਉਂਕਿ ਸ਼ੁਰੂ ਵਿਚਹੀ ਜਾਂਚ ਰਾਹੀਂ ਅਤੇ ਥਿਰੈਪੀ ਨਾਲ ਉਮਰ ਵਧਾਈ ਜਾ ਸਕਦੀ ਹੈ। ਜ਼ਿੰਦਗੀ 'ਚ ਅਸਲੀ ਧਨ ਤੰਦਰੁਸਤੀਹੀ ਹੈ।



# ਪੰਜਾਬ ਵਿਚ ਪ੍ਰਵਾਸੀਆਂ ਦੀ ਕਾਮਯਾਬੀ ਦੇ ਰਾਜ਼ ਬਾਰੇ ਪੰਜਾਬੀ ਆਤਮ-ਚਿੰਤਨ ਕਰਨ

**ਡਾਕਟਰ ਧਰਮ ਸਿੰਘ**



ਇਕ ਮੋਟੇ ਅੰਦਾਜ਼ੇ ਅਨੁਸਾਰ ਅੱਜ ਪੰਜਾਬ ਵਿਚ ਪ੍ਰਵਾਸੀਆਂ ਦੀ ਗਿਣਤੀ ਕੁੱਲ ਆਬਾਦੀ ਦਾ ਤਕਰੀਬਨ ਛੇਵਾਂ ਹਿੱਸਾ ਹੈ। ਆਬਾਦੀ ਦਾ ਇਹ ਤਬਾਦਲਾ ਨਵੀਂ ਗੱਲ ਨਹੀਂ, ਪਰ ਪਹਿਲਾਂ ਇਹ ਰਫ਼ਤਾਰ ਨਿਗੂਣੀ ਸੀ। ਹਰੀ ਕ੍ਰਾਂਤੀ ਦੇ ਫਲਸਰੂਪ ਪੈਦਾ ਹੋਏ ਰੁਜ਼ਗਾਰ ਦੇ ਮੌਕਿਆਂ ਦੀ ਤਲਾਸ਼ ਵਿਚ ਪ੍ਰਵਾਸੀ ਖੇਤੀਬਾੜੀ ਦਾ ਕੰਮ ਕਰਨ ਲਈ ਪੰਜਾਬ ਆਉਂਦੇ, ਕੰਮ ਕਰਦੇ ਅਤੇ ਕਮਾਈ ਕਰਕੇ ਪਰਤ ਜਾਂਦੇ ਪਰ ਅੱਜ ਇਹ ਵਰਤਾਰਾ ਬਦਲ ਚੁੱਕਾ ਹੈ। ਇਹ ਪੱਕੇ ਤੌਰ 'ਤੇ ਇਥੇ ਵਸ ਗਏ ਹਨ ਅਤੇ ਇਨ੍ਹਾਂ ਨੇ ਜ਼ਮੀਨਾਂ-ਜਾਇਦਾਦਾਂ ਵੀ ਖ਼ਰੀਦ ਲਈਆਂ ਹਨ। ਕਈ ਸ਼ਹਿਰਾਂ ਵਿਚ ਇਹ ਕੌਂਸਲਰ ਅਤੇ ਪਿੰਡਾਂ ਦੀਆਂ ਪੰਚਾਇਤਾਂ ਵਿਚ ਪੰਚ/ਸਰਪੰਚ ਵੀ ਬਣ ਗਏ ਹਨ। ਪੁਰਾਣੇ ਪ੍ਰਵਾਸੀਆਂ ਦਾ ਕਾਫ਼ੀ ਹੱਦ ਤੱਕ ਪੰਜਾਬੀਕਰਨ ਹੋ ਚੁੱਕਾ ਹੈ। ਉਨ੍ਹਾਂ ਦੇ ਬੱਚੇ ਸਰਕਾਰੀ ਸਕੂਲਾਂ ਵਿਚ ਪੜ੍ਹ ਰਹੇ ਹਨ ਅਤੇ ਉਹ ਪੰਜਾਬੀ ਬੋਲਦੇ ਹਨ। ਚਿੰਤਨ-ਮੰਥਨ ਕਰਨ ਵਾਲੀ ਗੱਲ ਹੈ ਕਿ ਇਨ੍ਹਾਂ ਦੀ ਕਾਮਯਾਬੀ ਦਾ ਰਹੱਸ ਕੀ ਹੈ ? ਇਸ ਰਹੱਸ ਦੇ ਕਈ ਪਾਸਾਰ ਹਨ, ਇਨ੍ਹਾਂ ਵਿਚੋਂ ਅੱਜ ਕੁਝ ਇਕ ਦੀ ਗੱਲ ਅਸੀਂ ਇਥੇ ਕਰਨੀ ਚਾਹਾਂਗੇ।

ਸਭ ਤੋਂ ਪਹਿਲਾ ਪ੍ਰਸ਼ਨ ਇਹ ਹੈ ਕਿ ਇਸ ਛੋਟੇ ਜਿਹੇ ਸੂਬੇ ਵਿਚ ਏਡੀ ਵੱਡੀ ਗਿਣਤੀ ਵਿਚ ਇਹ ਕਿਵੇਂ ਆ ਗਏ ? ਇਹ ਇਸ ਕਰਕੇ ਹੋਇਆ ਕਿ ਪੰਜਾਬੀਆਂ ਨੇ ਜਿਨ੍ਹਾਂ ਕੰਮਾਂ ਤੋਂ ਪਾਸਾ ਵੱਟ ਲਿਆ ਸੀ, ਉਨ੍ਹਾਂ ਨੇ ਉਨ੍ਹਾਂ ਕੰਮਾਂ ਨੂੰ ਹੱਸ ਕੇ ਅਪਣਾ ਲਿਆ ਅਤੇ ਨਵੇਂ ਖੇਤਰਾਂ ਦੀ ਤਲਾਸ਼ ਸ਼ੁਰੂ ਕਰ ਦਿੱਤੀ। ਪੰਜਾਬੀਆਂ ਦੇ ਕੰਮ ਕਰਨ ਤੋਂ ਮੂੰਹ ਮੋੜਨ ਕਰਕੇ ਕਿਰਤ ਖੇਤਰ ਵਿਚ ਖਲਾਅ ਪੈਦਾ ਹੁੰਦਾ ਗਿਆ ਅਤੇ ਇਸ ਖਲਾਅ ਦੀ ਪੂਰਤੀ ਹਿਤ ਇਹ ਪ੍ਰਵਾਸੀ ਆਏ ਅਤੇ ਆਬਾਦ ਹੋਣੇ ਸ਼ੁਰੂ ਹੋ ਗਏ।

ਖੇਤੀ ਦੇ ਮਸ਼ੀਨੀਕਰਨ ਕਰਕੇ ਪਿੰਡਾਂ ਵਿਚ ਮਜ਼ਦੂਰੀ ਮਿਲਣੀ ਤਕਰੀਬਨ ਖ਼ਤਮ ਹੋ ਗਈ ਅਤੇ ਜਿਹੜੇ ਮੌਕੇ ਬਚੇ, ਉਹ ਪ੍ਰਵਾਸੀਆਂ ਨੇ ਸਾਂਭ ਲਏ। ਸਸਤੀ ਮਜ਼ਦੂਰੀ ਨੇ ਵੀ ਇਨ੍ਹਾਂ ਦੇ ਪੈਰ ਪੱਕੇ ਕਰਨ ਵਿਚ ਮਦਦ ਕੀਤੀ। ਕਿਉਂਕਿ ਇਹ ਘੱਟ ਉਜਰਤ 'ਤੇ ਵੀ ਕੰਮ ਕਰਨ ਲਈ ਤਿਆਰ ਹੋ ਜਾਂਦੇ ਸਨ। ਪੰਜਾਬ ਦੇ ਅਣਸੁਖਾਵੇਂ ਹਾਲਾਤ ਅਤੇ ਬਿਹਤਰ ਜ਼ਿੰਦਗੀ ਜਿਊਣ ਦੀ ਲਾਲਸਾ ਕਾਰਨ ਸ਼ਹਿਰੀਕਰਨ ਅਤੇ ਨਵੀਆਂ ਕਾਲੋਨੀਆਂ ਕਾਇਮ ਕਰਨ ਦੇ ਰੁਝਾਨ ਕਾਰਨ ਮਕਾਨ ਉਸਾਰੀ ਦੇ ਖੇਤਰ ਵਿਚ ਹੁਨਰਮੰਦ ਕਾਰੀਗਰ ਧਾਅ ਕੇ ਪੈ ਗਏ। ਮਕਾਨ ਉਸਾਰੀ ਨਾਲ ਜੁੜੇ ਦੂਜੇ ਕੰਮ ਰਾਜਗਿਰੀ, ਰੰਗ ਰੋਗਨ ਅਤੇ ਪਾਲਿਸ਼, ਪਲੰਬਰ, ਟਾਈਲਾਂ/ਪੱਥਰਾਂ ਦੀ ਲੁਆਈ ਅਤੇ ਰਗੜਾਈ ਆਦਿ ਵਿਚ ਬਹੁਤੇ ਪ੍ਰਵਾਸੀ ਹੀ ਕੰਮ ਕਰ ਰਹੇ ਹਨ। ਇਸ ਤੋਂ ਇਲਾਵਾ ਵਪਾਰ, ਛੋਟੀ ਦੁਕਾਨਦਾਰੀ ਅਤੇ ਇਸ ਤਰ੍ਹਾਂ ਦੇ ਹੋਰ ਅਨੇਕ ਕੰਮਾਂ ਵਿਚ ਇਹ ਸਹਿਜੇ-ਸਹਿਜੇ ਪੈਰ ਜਮਾਉਂਦੇ ਗਏ। ਪੰਜਾਬੀ ਮਜ਼ਦੂਰ ਦੀ ਸੋਚ ਅਤੇ ਸਰਕਾਰੀ ਪੱਧਰ ਉੱਪਰ ਉਸ ਨੂੰ ਮਿਲਣ ਵਾਲੀਆਂ ਸਹੂਲਤਾਂ ਨੇ ਵੀ ਉਸ ਨੂੰ ਨੁਕਸਾਨ ਪਹੁੰਚਾਇਆ ਅਤੇ ਦਿਲਚਸਪ ਗੱਲ ਇਹ ਹੈ ਕਿ ਇਸ ਦੀ ਸੋਚ ਅੱਜ ਵੀ ਬਹੁਤੀ ਨਹੀਂ ਬਦਲੀ।

ਲੇਬਰ ਚੌਕ ਵਿਚ ਪੰਜਾਬੀ ਮਜ਼ਦੂਰਾਂ ਦੀਆਂ ਭੀੜਾਂ ਬੇਸ਼ੱਕ ਮਿਲਦੀਆਂ ਹਨ ਪਰ ਉਨ੍ਹਾਂ ਵਿਚੋਂ ਕਿੰਨੇ ਕੁ ਕੰਮ ਕਰਨ ਲਈ ਰਜ਼ਾਮੰਦ ਹੁੰਦੇ ਹਨ ? ਇਹ ਆਪਣੇ-ਆਪ ਵਿਚ ਇਕ ਪ੍ਰਸ਼ਨ ਹੈ। ਲੇਬਰ ਚੌਕ ਵਾਲੇ ਕਿਸੇ ਪੰਜਾਬੀ ਮਜ਼ਦੂਰ ਨੂੰ ਕੰਮ ਉੱਪਰ ਲਾਉਣ ਲਈ ਪੁੱਛੋ ਤਾਂ ਉਹ ਪਹਿਲਾ ਸਵਾਲ ਇਹ ਕਰੇਗਾ ਕਿ ਕੰਮ ਕੀ ਹੈ ? ਫੇਰ ਦੱਸਿਆ ਹੋਇਆ ਕੰਮ ਉਸ ਨੂੰ ਪਸੰਦ ਆ ਵੀ ਗਿਆ ਤਾਂ ਫਿਰ ਉਜਰਤ ਨੂੰ ਲੈ ਕੇ ਬਹਿਸ ਚੱਲ ਪਵੇਗੀ। ਪ੍ਰਵਾਸੀ ਮਜ਼ਦੂਰ ਇਹ ਸਵਾਲ ਘੱਟ ਹੀ ਕਰੇਗਾ ਅਤੇ ਉਜਰਤ ਬਾਰੇ ਵੀ ਬਹੁਤੀ ਬਹਿਸ ਵਿਚ ਨਹੀਂ ਪਵੇਗਾ।

ਅਦਨੇ ਸਮਝੇ ਜਾਣ ਵਾਲੇ ਜਿਹੜੇ ਕੰਮਾਂ ਤੋਂ ਪੰਜਾਬੀ ਨੱਕ-ਮੂੰਹ ਵੱਟਦੇ ਸਨ, ਅੱਜ ਉਹ ਸਾਰੇ ਕੰਮ ਪ੍ਰਵਾਸੀਆਂ ਨੇ ਸਾਂਭ ਲਏ ਹਨ, ਹਾਲਾਂਕਿ ਇਹ ਕੰਮ ਪੰਜਾਬੀਆਂ ਦੇ ਵੱਡੇ-ਵਡੇਰੇ ਸ਼ੌਕ ਨਾਲ ਕਰਦੇ ਰਹੇ ਸਨ। ਫਲ, ਸਬਜ਼ੀਆਂ ਦੀ ਵਿਕਰੀ ਤਾਂ ਹੁਣ ਸਾਰੀ ਦੀ ਸਾਰੀ ਇਨ੍ਹਾਂ ਦੇ ਕਬਜ਼ੇ ਵਿਚ ਆ ਗਈ ਹੈ। ਰੇਹੜੀਆਂ, ਫੜ੍ਹੀਆਂ ਉੱਪਰ ਆਪਣੀਆਂ ਪਤਨੀਆਂ ਅਤੇ ਧੀਆਂ-ਪੁੱਤਰਾਂ ਨੂੰ ਬਿਠਾ ਕੇ ਇਹ ਆਪ ਕਿਸੇ ਹੋਰ ਕੰਮ ਉੱਪਰ ਜਾ ਲੱਗਦੇ ਹਨ।

ਸ਼ਾਮ ਨੂੰ ਹਰ ਸ਼ਹਿਰ ਵਿਚ ਬਰਗਰ, ਨੂਡਲ, ਚਾਟ-ਪਾਪੜੀਆਂ, ਸ਼ਕਰਗੰਦੀ, ਗੋਲ-ਗੱਪਿਆਂ, ਆਲੂਆਂ ਦੀਆਂ ਟਿੱਕੀਆਂ ਸੰਬੰਧੀ ਲਗਦੀਆਂ ਰੇਹੜੀਆਂ ਉਪਰ ਪ੍ਰਵਾਸੀ ਹੀ ਲੱਭਣਗੇ। ਫੇਰੀਆਂ ਵਾਲੇ ਵੀ ਹੁਣ ਬਹੁਤੇ ਪ੍ਰਵਾਸੀ ਹਨ। ਪੈਂਟਾਂ-ਜੈਕਟਾਂ ਦੀਆਂ ਜਿੱਪਾਂ ਲਗਾਉਣ ਵਾਲੇ, ਝਾੜੂ, ਪੋਚਿਆਂ, ਪਲਾਸਟਿਕ ਦੀਆਂ ਘਰੇਲੂ ਵਰਤੋਂ ਦੀਆਂ ਚੀਜ਼ਾਂ, ਫਰਸ਼ ਜਾਂ ਟਾਈਲਾਂ ਸਾਫ਼ ਕਰਨ ਵਾਲੇ ਸਾਬਣ ਸ਼ੈਂਪੂ-ਵੇਚਣ ਵਾਲੇ, ਰੱਦੀ ਇਕੱਠੀ ਕਰਨ ਵਾਲੇ ਕਬਾੜੀਏ ਸਭ ਦੇ ਸਭ ਪ੍ਰਵਾਸੀ ਹਨ। ਸ਼ਹਿਰਾਂ ਵਿਚ ਦੁਕਾਨਾਂ ਦੇ ਮਾਲਕ ਭਾਵੇਂ ਪੰਜਾਬੀ ਹੋਣ ਪਰ ਸੇਲਜ਼ਮੈਨ ਜਾਂ ਸਹਾਇਕ ਇਹੋ ਪ੍ਰਵਾਸੀ ਹੀ ਹਨ।

ਰੰਗ ਰੋਗਨ ਦੀ ਦੁਕਾਨ ਵਿਚ ਕੰਪਿਊਟਰ ਦੀ ਮਦਦ ਨਾਲ ਰੰਗ ਮੈਚ ਕਰਨ ਵਾਲਾ ਡਾਈਮਾਸਟਰ ਪ੍ਰਵਾਸੀ ਹੀ ਹੋਵੇਗਾ। ਪਿਛਲੇ ਦਿਨੀਂ ਮੇਰੀ ਘਰੇਲੂ ਪਾਣੀ ਵਾਲੀ ਮੋਟਰ ਬੋਰ ਵਿਚ ਫਸ ਗਈ। ਜਿਹੜਾ ਕੱਢਣ ਆਇਆ, ਉਹ ਪ੍ਰਵਾਸੀ ਸੀ ਅਤੇ ਨਾਲ ਦੋ ਤਿੰਨ ਸਹਾਇਕ ਪੰਜਾਬੀ ਮੁੰਡੇ ਸਨ। ਫਰਨੀਚਰ ਦੀ ਦੁਕਾਨ ਜੇ ਪੰਜਾਬੀ ਦੀ ਹੈ ਤਾਂ ਪਾਲਿਸ਼ ਅਤੇ ਰੰਗ ਕਰਨ ਵਾਲਾ ਪ੍ਰਵਾਸੀ ਹੈ। ਇਸੇ ਤਰ੍ਹਾਂ ਸੈਨੇਟਰੀ ਵਸਤਾਂ ਦਾ ਮਾਲਕ ਜੇਕਰ ਪੰਜਾਬੀ ਹੈ ਤਾਂ ਵੱਖ-ਵੱਖ ਆਕਾਰਾਂ ਦੇ ਕਿਲ ਕਾਂਟੇ ਅਤੇ ਚੀਨੀ ਦੀਆਂ ਬਣੀਆਂ ਵਸਤਾਂ ਪ੍ਰਵਾਸੀ ਹੀ ਕੱਢ ਕੇ ਦੇਵੇਗਾ। ਥੋੜ੍ਹਾ ਚਿਰ ਹੋਇਆ ਕਿਸੇ ਕੰਮ ਜਲੰਧਰ ਗਿਆ। ਲਾਡੋਵਾਲੀ ਰੋਡ ਪਹੁੰਚਿਆ। ਯਾਦ ਆਇਆ ਕਿ ਕਾਰ ਦਾ ਪੁਰਾਣਾ ਟਾਇਰ ਲੈਣਾ ਹੈ, ਜਿਸ ਦੁਕਾਨਦਾਰ ਨਾਲ ਸਭ ਤੋਂ ਪਹਿਲਾਂ ਵਾਹ ਪਿਆ ਉਹ ਪ੍ਰਵਾਸੀ ਸੀ। ਲੋੜੀਂਦੇ ਨੰਬਰ ਦਾ ਟਾਇਰ ਉਸ ਕੋਲੋਂ ਨਾ ਮਿਲਿਆ ਪਰ ਜਿਸ ਦੁਕਾਨਦਾਰ ਦਾ ਉਸ ਨੇ ਪਤਾ ਦੱਸਿਆ ਉਸ ਦਾ ਨਾਂਅ ਬੱਚਾ ਯਾਦਵ ਸੀ। ਮੇਰੇ ਸ਼ਹਿਰ ਵਿਚ ਈ-ਰਿਕਸ਼ਿਆਂ ਦੀ ਘੜਮੱਸ ਹੈ ਅਤੇ ਇਹ ਜੇ ਸੌ ਪ੍ਰਤੀਸ਼ਤ ਨਹੀਂ ਤਾਂ ਨੱਬੇ ਪ੍ਰਤੀਸ਼ਤ ਪ੍ਰਵਾਸੀਆਂ ਦੇ ਹਨ। ਮੱਛੀ ਮੰਡੀ ਵਿਚ ਵੀ ਇਨ੍ਹਾਂ ਦਾ ਹੀ ਬੋਲਬਾਲਾ ਹੈ। ਸਾਧਾਰਨ ਕਿਸਮ ਦੇ ਗਲੀਚੇ ਮੈਟ ਜਾਂ ਪਾਇਦਾਨ ਖ਼ਰੀਦਣ ਲਈ ਸ਼ੋਅ ਰੂਮਾਂ ਵਿਚ ਜਾਣ ਦੀ ਲੋੜ ਨਹੀਂ। ਪਲਾਸਟਿਕ ਦੀਆਂ ਕੁਰਸੀਆਂ-ਮੇਜ਼ ਵੀ ਘਰ ਬੈਠਿਆਂ ਮਿਲ ਜਾਣਗੇ। ਗਰਮੀਆਂ ਵਿਚ ਕੁਲਫੀਆਂ ਅਤੇ ਆਈਸਕ੍ਰੀਮ ਵੇਚਣ ਵਾਲੇ, ਸਰਦੀਆਂ ਵਿਚ ਡਰਾਈ ਫਰੂਟ ਵੇਚਦੇ ਹਨ। ਇਹ ਤਾਂ ਉਹ ਮੋਟੇ-ਮੋਟੇ ਧੰਦੇ ਹਨ, ਜਿਨ੍ਹਾਂ ਦਾ ਪੰਜਾਬੀਆਂ ਨੇ ਤ੍ਰਿਸਕਾਰ ਕਰਕੇ ਆਪਣੀ ਕਿਰਤ ਯੋਗਤਾ ਵਿਚੋਂ ਖਾਰਜ ਕਰ ਛੱਡਿਆ ਹੈ। ਹੋਰ ਵੀ ਕਈ ਤਰ੍ਹਾਂ ਦੇ ਧੰਦੇ ਹਨ, ਜੋ ਪੰਜਾਬੀ ਛੱਡ ਚੁੱਕੇ ਹਨ ਤੇ ਉਹ ਧੰਦੇ ਪ੍ਰਵਾਸੀਆਂ ਦੇ ਕੋਲ ਜਾ ਚੁੱਕੇ ਹਨ।

ਇਹ ਕੁਝ ਹਕੀਕਤਾਂ ਹਨ, ਜਿਨ੍ਹਾਂ ਤੋਂ ਕੋਈ ਇਨਕਾਰ ਨਹੀਂ ਕਰ ਸਕਦਾ ਅਤੇ ਇਹ ਪ੍ਰਵਾਸੀਆਂ ਦੀ ਕਾਮਯਾਬੀ ਦੇ ਰਾਜ਼ ਹਨ। ਪੰਜਾਬੀਆਂ ਨੂੰ ਇਨ੍ਹਾਂ ਸਥਿਤੀਆਂ ਦੀ ਸੰਭਾਲ ਕਰਨ ਲਈ ਆਤਮ-ਚਿੰਤਨ ਕਰਨਾ ਪਵੇਗਾ। ਕੰਮ ਤਾਂ ਰੁਕਦੇ ਨਹੀਂ, ਪੰਜਾਬੀ ਕਰਨਗੇ ਜਾਂ ਪ੍ਰਵਾਸੀ ਕਰਨਗੇ। ਕੰਮ ਦੀ ਘਾਟ ਨਹੀਂ ਪਰ ਨਿਘਰ ਰਹੀਆਂ ਕਦਰਾਂ-ਕੀਮਤਾਂ ਅਤੇ ਸੋਚਾਂ ਵਿਚ ਵਿਗਾੜ ਨੇ ਪੰਜਾਬੀਆਂ ਨੂੰ ਤਬਾਹੀ ਕੰਢੇ ਲਿਆ ਖੜ੍ਹਾ ਕੀਤਾ ਹੈ।

# ਪੰਜਾਬੀ ਪੁਰਾਤਨ ਵਿਆਹਾਂ ਦੇ ਅਸਲੀ ਸਭਿਆਚਾਰ ਦੀਆਂ ਰੌਣਕਾਂ





**ਸ਼ਮਸ਼ੇਰ ਸਿੰਘ ਸੋਹੀ**

ਅੱਜ ਦੇ ਸਮੇਂ ਭਾਵੇਂ ਵਿਆਹ ਮੈਰਿਜ ਪੈਲੇਸਾਂ ਵਿਚ ਹੋਣ ਕਰਕੇ ਬਹੁਤ ਥੋੜ੍ਹੇ ਸਮੇਂ ਵਿਚ ਹੀ ਮੁੱਕ ਜਾਂਦਾ ਹੈ ਪਰ ਇਕ ਸਮਾਂ ਅਜਿਹਾ ਵੀ ਸੀ ਜਦੋਂ ਵਿਆਹ ਭਾਵ ਕਿ ਇਹਦੇ ਨਾਲ ਸੰਬੰਧਿਤ ਅਣਗਿਣਤ ਅਤਿ ਪਿਆਰੀਆਂ ਤੇ ਮਨ ਲੁਭਾਉਣੀਆਂ ਰੀਤਾਂ-ਰਸਮਾਂ ਅਤੇ ਵਿਆਹ ਵਾਲੇ ਘਰ ਬਣਿਆ ਰੌਣਕ-ਮੇਲਾ ਕਈ-ਕਈ ਦਿਨ ਤੱਕ ਚੱਲਦਾ ਰਹਿੰਦਾ ਸੀ। ਵਿਆਹ ਤੋਂ ਕਈ ਦਿਨ ਪਹਿਲਾਂ ਹੀ ਘਰ ਵਿਚ ਰੌਣਕਾਂ ਲੱਗ ਜਾਂਦੀਆਂ ਸਨ। ਪਿੰਡ ਦੀਆਂ ਔਰਤਾਂ ਵੀ ਇਸ ਹੋਣ ਜਾ ਰਹੇ ਵਿਆਹ ਨੂੰ ਮਨ-ਮਸਤਕ ਤੇ ਦਿਲ ’ਚ ਚਿਤਾਰਦਿਆਂ ਸ਼ਾਮ ਨੂੰ ਘਰ ਦੇ ਕੰਮ ਨਿਬੇੜ ਕੇ ਵਿਆਹ ਵਾਲੇ ਘਰ ਜਾ ਕੇ ਸੁਹਾਗ, ਘੋੜੀਆਂ ਗਾਉਂਦੀਆਂ ਸਨ। ਉਸ ਸਮੇਂ ਦੇ ਵਿਆਹਾਂ ਦਾ ਅੱਜ ਕੀਤੇ ਜਾ ਰਹੇ ਵਿਆਹਾਂ ਨਾਲੋਂ ਬਹੁਤ ਫ਼ਰਕ ਸੀ। ਉਨ੍ਹਾਂ ਗੁਜ਼ਰ ਚੁੱਕੇ ਭਲਿਆਂ ਵਕਤਾਂ ’ਚ ਨਾਨਕਿਆਂ-ਦਾਦਕਿਆਂ ਨੇ ਜਦੋਂ ਵਿਆਹ ਵਿਚ ਉਸ ਸਮੇਂ ਸਿੱਠਣੀਆਂ ਦੇਣੀਆਂ, ਇਕ-ਦੂਜੇ ਨੂੰ ਟਿੱਚਰਾਂ ਕਰਨੀਆਂ, ਹਾਸੇ-ਮਜ਼ਾਕ ਕਰਨੇ ਤਾਂ ਘਰ ਵਿਚ ਰੌਣਕਾਂ ਲੱਗ ਜਾਂਦੀਆਂ ਸਨ।

ਵਿਆਹ ਤੋਂ ਪਹਿਲਾਂ ਉਸ ਸਮੇਂ ਮੰਜੇ-ਬਿਸਤਰੇ ਇਕੱਠੇ ਕਰਨ ਦਾ ਵੀ ਰਿਵਾਜ ਸੀ। ਘਰ ਦਾ ਕੋਈ ਮੁਹਤਬਰ ਬੰਦਾ ਤੇ ਉਸ ਨਾਲ ਚਾਰ-ਪੰਜ ਜਣੇ ਆਸ-ਪਾਸ ਦੇ ਘਰਾਂ ’ਚੋਂ ਮੰਜੇ ਤੇ ਬਿਸਤਰੇ ਇਕੱਠੇ ਕਰਨ ਜਾਂਦੇ ਸਨ। ਇਕ ਬੰਦੇ ਨੇ ਕਲਮ ਤੇ ਦਵਾਤ ਫੜੀ ਹੋਣੀ, ਦੂਜੇ ਬੰਦੇ ਨੇ ਬਿਸਤਰਿਆਂ ਤੇ ਮੰਜਿਆਂ ’ਤੇ ਨੰਬਰ ਲਾਈ ਜਾਣਾ ਤੇ ਇਕ ਨੇ ਕਾਪੀ ’ਤੇ ਘਰ ਦੇ ਬੰਦੇ ਦਾ ਨਾਂਅ ਲਿਖੀ ਜਾਣਾ। ਉਸ ਸਮੇਂ ਮੋਬਾਈਲ ਤਾਂ ਹੁੰਦੇ ਨਹੀਂ ਸੀ। ਇਸ ਕਰਕੇ ਕਾਪੀ ’ਤੇ ਲਿਖੇ ਨਾਂਅ ਦੀ ਬੜੀ ਅਹਿਮੀਅਤ ਹੁੰਦੀ ਸੀ। ਜਦੋਂ ਵਿਆਹ ਦਾ ਕੰਮ ਨਿੱਬੜ ਜਾਂਦਾ ਸੀ ਤਾਂ ਲੋਕ ਵਿਆਹ ਵਾਲੇ ਘਰੋਂ ਆਪਣਾ-ਆਪਣਾ ਮੰਜਾ ਤੇ ਬਿਸਤਰਾ ਪਛਾਣ ਕੇ ਲੈ ਜਾਂਦੇ ਸਨ।

ਵਿਆਹ ਤੋਂ ਕੁਝ ਦਿਨ ਪਹਿਲਾਂ ਸਪੀਕਰ ਵਾਲਾ ਆਪਣਾ ਸਾਜ਼ੋ-ਸਾਮਾਨ ਲੈ ਕੇ ਆ ਜਾਂਦਾ ਸੀ। ਕੋਠੇ ’ਤੇ ਦੋ ਮੰਜੇ ਜੋੜ ਕੇ ਸਪੀਕਰ ਫਿੱਟ ਕਰ ਲਿਆ ਜਾਂਦਾ ਸੀ ਤੇ ਸਪੀਕਰ ਵਾਲਾ ਆਪ ਥੱਲੇ ਮਸ਼ੀਨ ਲਾ ਕੇ ਬੈਠ ਜਾਂਦਾ ਸੀ। ਵਿਆਹ ਦੀਆਂ ਰਸਮਾਂ ਮੁਤਾਬਕ ਜਦੋਂ ਸਪੀਕਰ ਵਾਲਾ ਵੱਖ-ਵੱਖ ਪੰਜਾਬੀ ਕਲਾਕਾਰਾਂ ਦੇ ਰਿਕਾਰਡ ਮਸ਼ੀਨ ’ਤੇ ਵਜਾਉਂਦਾ ਸੀ ਤਾਂ ਘਰ ਵਿਚ ਵੱਖਰਾ ਹੀ ਮਾਹੌਲ ਸਿਰਜ ਦਿੰਦਾ ਸੀ। ਉਸ ਸਮੇਂ ਉਹ ਜਿਹੜੇ ਗੀਤ ਵਜਾਉਂਦਾ ਸੀ ਉਹ ਸਾਡੇ ਕੰਨਾਂ ਵਿਚ ਰਸ ਘੋਲ ਦਿੰਦੇ ਸਨ। ਅੱਜ ਵਾਂਗ ਉਸ ਸਮੇਂ ਡੀ.ਜੇ. ਵਰਗਾ ਸ਼ੋਰ-ਸ਼ਰਾਬਾ ਕੋਈ ਨਹੀਂ ਸੀ ਹੁੰਦਾ। ਇਹ ਸੋਲ੍ਹਾਂ ਆਨੇ ਸੱਚ ਹੈ ਕਿ ਗੀਤਾਂ ਤੋਂ ਖ਼ੁਸ਼ ਹੋ ਕੇ ਘਰ ਵਾਲੇ ਸਪੀਕਰ ਵਾਲੇ ਦੀ ਪੂਰੀ ਆਓ-ਭਗਤ ਵੀ ਕਰਦੇ ਸਨ। ਸਪੀਕਰ ਵਿਆਹ ਤੋਂ ਕੁਝ ਦਿਨ ਪਹਿਲਾਂ ਤੇ ਦੋ ਦਿਨ ਬਾਅਦ ਵੀ ਚੱਲਦਾ ਰਹਿੰਦਾ ਸੀ। ਉਸ ਸਮੇਂ ਜਦੋਂ ਬਰਾਤ ਬੱਸਾਂ ਤੇ ਟਰੱਕਾਂ ’ਤੇ ਜਾਂਦੀ ਸੀ ਤਾਂ ਸਪੀਕਰ ਵਾਲੇ ਨੂੰ ਬੱਸ ਦੇ ਉੱਪਰ ਬਿਠਾਇਆ ਜਾਂਦਾ ਸੀ। ਕੁੜੀ ਵਾਲਿਆਂ ਨੂੰ ਸਪੀਕਰ ਦੀ ਆਵਾਜ਼ ਤੋਂ ਹੀ ਪਤਾ ਲੱਗ ਜਾਂਦਾ ਸੀ ਕਿ ਬਰਾਤ ਪਿੰਡ ਪਹੁੰਚ ਗਈ ਹੈ। ਪਿੰਡ ਦੇ ਮੁੰਡੇ ਆਈ ਹੋਈ ਬਰਾਤ ਦੀ ਪੂਰੀ ਆਓ-ਭਗਤ ਕਰਦੇ ਸਨ।



ਉਸ ਸਮੇਂ ਜਿਹੋ-ਜਿਹਾ ਧੀ ਲਈ ਮਾਪਿਆਂ ਨੇ ਵਰ ਲੱਭ ਦਿੱਤਾ, ਉਸੇ ਨਾਲ ਹੀ ਉਸ ਨੂੰ ਵਿਆਹ ਕਰਵਾਉਣਾ ਪੈਂਦਾ ਸੀ। ਮੁੰਡੇ ਨੂੰ ਵੀ ਆਪਣੇ ਸਹੁਰੇ ਘਰ ਗੇੜਾ ਮਾਰਨ ਦੀ ਉਸ ਸਮੇਂ ਮਨਾਹੀ ਸੀ। ਕਲਾਕਾਰਾਂ ਦੇ ਅਖਾੜੇ ਵਿਆਹ ਵਿਚ ਲੱਗਦੇ ਜ਼ਰੂਰ ਸਨ ਪਰ ਫੋਟੋਗ੍ਰਾਫੀ ਦਾ ਰਿਵਾਜ ਉਦੋਂ ਘੱਟ ਹੀ ਸੀ। ਵਿਆਪਕ ਗ਼ਰੀਬੀ ਥੁੜ੍ਹਾਂ ਮਾਰੀ ਹਾਲਤ, ਹਰ ਤਰ੍ਹਾਂ ਦੇ ਮੁਸ਼ਕਿਲਾਂ ਭਰੇ ਜੀਵਨ ਢੰਗ ਦੇ ਹੁੰਦਿਆਂ ਪੁਰਾਣੇ ਸਮਿਆਂ ਵਿਚ ਬਰਾਤਾਂ ਵੀ ਗੱਡਿਆਂ, ਟਾਂਗਿਆਂ ਵਗੈਰਾ ’ਤੇ ਹੀ ਜਾਂਦੀਆਂ ਸਨ। ਸਾਰੇ ਪਿੰਡ ਵਲੋਂ ਬਰਾਤੀਆਂ ਦੀ ਪੂਰੀ ਸੇਵਾ ਕੀਤੀ ਜਾਂਦੀ ਸੀ ਪਰ ਉਹ ਸੇਵਾ ਅੱਜ ਦੇ ਹੁੰਦੇ ਵਿਆਹਾਂ ਦੇ ਸਾਹਮਣੇ ਕਿਧਰੇ ਲਾਗੇ-ਚਾਗੇ ਵੀ ਨਹੀਂ ਸੀ ਖਲੋ ਸਕਦੀ। ਪਰੰਤੂ ਉਸ ਵਿਆਹ ਦੀਆਂ ਬਾਕਮਾਲ ਖੂਬੀਆਂ ਵੀ ਹੁੰਦੀਆਂ ਸਨ। ਉਦਾਹਰਨ ਦੇ ਤੌਰ ’ਤੇ ਕੁੜੀਆਂ-ਚਿੜੀਆਂ ਪਿੰਡ/ਘਰ ਢੁਕੀ ਬਾਰਾਤ ’ਚ ਸਜੇ-ਫਬੇ ਲਾੜੇ, ਉਹਦੇ ਰਖਵਾਲੇ ਬਣੇ ਸ਼ੁਭ-ਚਿੰਤਕਾਂ ਨਾਲ ਹਾਸਾ-ਮਜ਼ਾਕ ਵੀ ਬਹੁਤ ਕਰਦੀਆਂ ਸਨ। ਵਿਆਹ ਸਮੇਂ ਕੱਚੇ ਘਰ ਨੂੰ ਰੀਝਾਂ-ਸਧਰਾਂ, ਉਮੰਗਾਂ ਨੂੰ ਪਾਲਦਿਆਂ ਹੋਇਆਂ ਪੂਰਾ ਸਜਾਇਆ ਜਾਂਦਾ ਸੀ। ਮੇਰੀ ਨਜ਼ਰ ’ਚ ਉਨ੍ਹਾਂ ਵਿਆਹਾਂ ਦੀ ਸਭ ਤੋਂ ਵੱਡੀ ਖੂਬੀ ਨਾਨਕਾ ਮੇਲ ਦੀ ਵਿਆਹ ਵਿਚ ਪੂਰੀ ਟੌਹਰ ਹੋਣਾ ਹੁੰਦੀ ਸੀ। ਕੁੜੀ ਨੂੰ ਦਾਜ ਵਿਚ ਨਵਾਰੀ ਪਲੰਘ, ਸੰਦੂਕ, ਪੱਖੀਆਂ ਚਰਖਾ ਦਿੱਤਾ ਜਾਂਦਾ ਸੀ।

ਵਿਆਹ ’ਤੇ ਖਾਣ-ਪੀਣ ਦਾ ਸਾਮਾਨ ਮਠਿਆਈਆਂ ਵਗੈਰਾ ਸਭ ਕੁਝ ਘਰ ਵਿਚ ਹੀ ਬਣਾਇਆ ਜਾਂਦਾ ਸੀ, ਅੱਜ ਵਾਂਗ ਬਾਜ਼ਾਰੋਂ ਕੁਝ ਨਹੀਂ ਸੀ ਖਰੀਦਿਆ ਜਾਂਦਾ। ਲੱਡੂ, ਜਲੇਬੀਆਂ, ਸ਼ੱਕਰਪਾਰੇ, ਮਿੱਠੀ ਤੇ ਨਮਕੀਨ ਸ਼ੀਰਨੀ, ਬੂੰਦੀ, ਮੱਠੀਆਂ, ਪਕੌੜੇ, ਗੁਲਗੁਲੇ ਆਦਿ ਸਾਰਾ ਸਾਮਾਨ ਹਲਵਾਈ ਕੋਲੋਂ ਤਿਆਰ ਕਰਵਾਇਆ ਜਾਂਦਾ ਸੀ ਜੋ ਵਿਆਹ ਤੋਂ ਕੁਝ ਦਿਨ ਪਹਿਲਾਂ ਹੀ ਘਰ ਵਿਚ ਆ ਜਾਂਦਾ ਸੀ। ਹਲਵਾਈ ਦੀ ਘਰ ਵਿਚ ਆਮਦ ਅਸੀਮ ਖ਼ੁਸ਼ੀ ਦਾ ਇਕ ਮੌਕਾ ਬਣਦੀ ਅਤੇ ਘਰ-ਵਿਹੜੇ ’ਚ ਭਿੰਨ-ਭਿੰਨ ਬਣ ਰਹੇ ਪਦਾਰਥਾਂ ਕਰਕੇ ਖੇੜਾ ਪੈਦਾ ਕਰਨ ਵਾਲਾ ਇਹ ਸ਼ੁੱਭ ਮੌਕਾ ਮਨਾਂ ’ਚ ਰੀਝਾਂ-ਉਮੰਗਾਂ ਪਾਲਦਿਆਂ ਘਰ ਨੂੰ ਜਿਵੇਂ ਐਲਾਨੀਆ ਵਿਆਹ ਵਾਲਾ ਘਰ ਦਰਸਾਉਂਦਾ ਸੀ। ਵਿਆਹ ਦੀ ਭਾਜੀ ਵੰਡਣ ਵੇਲੇ ਵੀ ਲੱਡੂ ਘਰ ਵਿਚ ਹੀ ਬਣਾਏ ਜਾਂਦੇ ਸਨ। ਲੱਡੂ ਵੱਟਣ ਵੇਲੇ ਆਸ-ਪਾਸ ਦੀਆਂ ਗੁਆਂਢਣਾਂ ਤੇ ਸ਼ਰੀਕੇ ਦੀਆਂ ਔਰਤਾਂ ਵਿਆਹ ਵਾਲੇ ਘਰ ਸਮੇਂ ਸਿਰ ਪਹੁੰਚ ਜਾਂਦੀਆਂ ਸਨ। ਔਰਤਾਂ ਨੇ ਸਾਰਾ ਦਿਨ ਬੈਠ ਕੇ ਨਾਲੇ ਲੱਡੂ ਵੱਟਣੇ ਤੇ ਨਾਲੇ ਗੱਲਾਂ ਵੀ ਕਰੀ ਜਾਣੀਆਂ। ਇਹ ਗੱਲਾਂ ਅਨਮੋਲ ਹੁੰਦੀਆਂ ਸਨ ਅਤੇ ਇਨ੍ਹਾਂ ’ਚੋਂ ਪੰਜਾਬੀ ਸੱਭਿਆਚਾਰ ਦਾ ਮੋਹ-ਪਿਆਰ ਦਾ ਤੱਤ ਪ੍ਰਪੱਕ ਹੁੰਦਾ। ਵਿਆਹ ਸਮੇਂ ਵਰਤੋਂ ’ਚ ਆਉਣ ਵਾਲਾ ਜ਼ਿਆਦਾਤਰ ਸਾਮਾਨ ਜਿਵੇਂ ਦੁੱਧ ਉਸ ਸਮੇਂ ਆਂਢ-ਗੁਆਂਢ ਦੇ ਘਰਾਂ ਵਿਚੋਂ ਹੀ ਇਕੱਠਾ ਕਰ ਲਿਆ ਜਾਂਦਾ ਸੀ। ਸਾਰੇ ਸ਼ਰੀਕੇ ਵਾਲੇ ਵਿਆਹ ਨੂੰ ਆਪਣਾ ਪ੍ਰੋਗਰਾਮ ਮੰਨ ਕੇ ਸਮਰੱਥਾ ਮੁਤਾਬਕ ਆਪਣਾ ਯੋਗਦਾਨ ਪਾਉਂਦੇ ਸਨ।

ਆਸ-ਪਾਸ ਦੇ ਗੁਆਂਢੀ, ਸਕੇ-ਸੰਬੰਧੀ ਤੇ ਰਿਸ਼ਤੇਦਾਰ ਸਮਾਂ ਕੱਢ ਕੇ ਪਹਿਲਾਂ ਹੀ ਵਿਆਹ ਵਾਲੇ ਘਰ ਆ ਜਾਂਦੇ ਸਨ ਤੇ ਉਨ੍ਹਾਂ ਦੇ ਕੰਮ ਵਿਚ ਹੱਥ ਵਟਾਉਂਦੇ ਸਨ। ਇਸ ਨਾਲ ਭਾਈਚਾਰਕ ਸਾਂਝ ਵਧਦੀ ਸੀ। ਪਿੰਡ ਦੇ ਸਾਰੇ ਮੁੰਡੇ ਇਕੱਠੇ ਹੋ ਕੇ ਵਿਆਹ ਵਾਲੇ ਘਰ ਟੈਂਟ ਤੇ ਮੇਜ਼-ਕੁਰਸੀਆਂ ਲਾਉਂਦੇ ਸਨ। ਉਸ ਸਮੇਂ ਜਦੋਂ ਕੋਈ ਵਿਆਹ ਸਮੇਂ ਕਲਾਕਾਰ ਨੂੰ ਬੁਲਾਉਂਦਾ ਸੀ ਤਾਂ ਆਸ-ਪਾਸ ਦੇ ਵੀਹ ਪਿੰਡਾਂ ਦੇ ਲੋਕ ਉਸ ਘਰ ਵਿਚ ਇਕੱਠੇ ਹੋ ਜਾਂਦੇ ਸਨ, ਜਿੱਥੇ ਕਲਾਕਾਰ ਦਾ ਅਖਾੜਾ ਲੱਗਣਾ ਹੁੰਦਾ ਸੀ। ਉਸ ਸਮੇਂ ਜੰਞ ਘਰਾਂ ਵਿਚ ਬਰਾਤ ਬੈਠਦੀ ਸੀ ਪਰ ਅੱਜ ਦੇ ਸਮੇਂ ਬਹੁਤੇ ਪਿੰਡਾਂ ਵਿਚ ਜੰਞ ਘਰ ਦੀ ਹੋਂਦ ਹੀ ਖ਼ਤਮ ਹੋ ਗਈ ਹੈ। ਲਾਵਾਂ ਪਿੰਡ ਦੇ ਗੁਰੂ-ਘਰ ਵਿਚ ਹੁੰਦੀਆਂ ਸਨ। ਇਸ ਸਮੇਂ ਸਿਹਰਾ ਤੇ ਸਿੱਖਿਆ ਗਾਉਣ ਜਾਂ ਬੋਲਣ ਦਾ ਰਿਵਾਜ ਸੀ। ਡੋਲੀ ਵੀ ਘਰੋਂ ਹੀ ਵਿਦਾ ਹੁੰਦੀ ਸੀ। ਲਾਗੀ ਦੇ ਹੱਥ ਹੀ ਹੱਥ ਨਾਲ ਲਿਖੇ ਰੁਕੇ ਜਾਂ ਮੂੰਹ ਜ਼ੁਬਾਨੀ ਹੀ ਉਸ ਨੂੰ ਰਿਸ਼ਤੇਦਾਰਾਂ ਵੱਲ ਭੇਜ ਕਿ ਵਿਆਹ ਬਾਰੇ ਦੱਸਿਆ ਜਾਂਦਾ ਸੀ। ਇਹ ਇਕ ਬੜਾ ਹੀ ਸੁੱਚੀਆਂ ਭਾਵਨਾਵਾਂ ਦੇ ਕੁਦਰਤੀ ਪ੍ਰਗਟਾਵੇ ਦਾ ਅਤਿ ਮੁੱਲਵਾਨ ਅਤੇ ਚਿਰਕਾਲ ਤੱਕ ਮਨਾਂ ’ਚ ਸੰਭਾਲ ਕੇ ਰੱਖਣ ਯੋਗ ਅਵਸਰ ਬਣਾ ਜਾਂਦਾ। ਅਜਿਹੇ ਮੌਕਿਆਂ ਨੇ ਸੱਭਿਆਚਾਰਕ ਸਾਂਝਾਂ ਵਧਾਉਣ ਅਤੇ ਇਨ੍ਹਾਂ ਨੂੰ ਡੂੰਘੀਆਂ ਤੋਂ ਡੂੰਘੇਰੀਆਂ ਕਰ ਸਕਣ ਵਾਲੇ ਅਸੀਮ ਅਨੰਤ ਖ਼ੂਬਸੂਰਤੀਆਂ ਵਾਲਾ ਸੰਸਾਰ ਭਰ ਦੇ ਇਕ ਨਿਵੇਕਲੇ ਸੱਭਿਆਚਾਰ ਵਜੋਂ ਘੜਨ-ਸੁਆਰਨ ’ਚ ਭਰਵਾਂ ਹਿੱਸਾ ਪਾਇਆ ਹੈ।

ਜਦੋਂ ਘਰਾਂ ਵਿਚ ਵਿਆਹ ਹੁੰਦੇ ਸੀ, ਉਹ ਦਿਨ ਬੜੇ ਚੰਗੇ ਹੁੰਦੇ ਸੀ। ਪਿੰਡ ਦੇ ਸਾਰੇ ਲੋਕਾਂ ਵਿਚ ਆਪਸੀ ਪਿਆਰ ਤੇ ਭਾਈਚਾਰਾ ਹੁੰਦਾ ਸੀ ਤੇ ਉਹ ਵਿਆਹ ਸਿਰਫ਼ ਇਕ ਘਰ ਦਾ ਨਹੀਂ, ਸਗੋਂ ਸਾਰੇ ਪਿੰਡ ਦਾ ਸਾਂਝਾ ਹੁੰਦਾ ਸੀ। ਪਹਿਲੇ ਸਮਿਆਂ ਦੇ ਵਿਆਹਾਂ ਵਿਚ ਮੁਕਲਾਵੇ ਦੀ ਰਸਮ ਵੀ ਹੁੰਦੀ ਸੀ, ਜੋ ਅੱਜ ਬਿਲਕੁਲ ਅਲੋਪ ਹੋ ਗਈ ਹੈ। ਜਾਗੋ ਦਾ ਰੂਪ ਵੀ ਹੁਣ ਬਦਲ ਗਿਆ ਹੈ। ਸਜਣ ਲਈ ਹੁਣ ਬਿਊਟੀ ਪਾਰਲਰ ਆ ਗਏ ਹਨ ਜਿੱਥੇ ਜਾ ਕੇ ਕੁੜੀ ਵਿਆਹ ਵਾਲੇ ਦਿਨ ਤਿਆਰ ਹੁੰਦੀ ਹੈ। ਅੱਜ ਦੇ ਸਮੇਂ ਮੈਰਿਜ ਪੈਲੇਸਾਂ ਵਿਚ ਕੁਝ ਹੀ ਘੰਟਿਆਂ ਵਿਚ ਲੱਖਾਂ ਰੁਪਏ ਖਰਚ ਕਰਕੇ ਵਿਆਹ ਝਟਪਟ ਕਰ ਦਿੱਤੇ ਜਾਂਦੇ ਹਨ। ਮੈਰਿਜ ਪੈਲੇਸ ਵਿਚ ਸਮਾਂ ਜ਼ਰੂਰ ਬਚਦਾ ਹੈ ਪਰ ਪੁਰਾਣੇ ਸਮਿਆਂ ਵਾਲੇ ਵਿਆਹ ਦਾ ਨਜ਼ਾਰਾ ਵੱਖਰਾ ਹੀ ਹੁੰਦਾ ਸੀ।

ਅੱਜ ਦੇ ਸਮੇਂ ਵਿਆਹ ਖਰਚੀਲੇ ਵੀ ਹੱਦੋਂ ਵੱਧ ਹੋ ਗਏ ਹਨ। ਵਿਆਹ ਦੇ ਕਾਰਡ ਬਣਾਉਣ ਤੇ ਪ੍ਰੀ-ਵੈਡਿੰਗ ਸ਼ੂਟ ’ਤੇ ਵੀ ਬਹੁਤ ਪੈਸੇ ਖਰਚੇ ਜਾਂਦੇ ਹਨ। ਅੱਜ ਦੇ ਸਮੇਂ ਡੋਲੀ ਤੁਰਦਿਆਂ ਸਾਰ ਹੀ ਸਾਰੇ ਰਿਸ਼ਤੇਦਾਰ ਆਪਣੇ ਆਪਣੇ ਘਰਾਂ ਨੂੰ ਤੁਰ ਪੈਂਦੇ ਹਨ ਜਦੋਂ ਕਿ ਉਸ ਸਮੇਂ ਵਿਆਹ ਤੋਂ ਕਿੰਨੇ ਕਿੰਨੇ ਦਿਨ ਬਾਅਦ ਵੀ ਰਿਸ਼ਤੇਦਾਰ ਵਿਆਹ ਵਾਲੇ ਘਰ ਰਹਿੰਦੇ ਸਨ ਅਤੇ ਉਨ੍ਹਾਂ ਦਾ ਰਿਸ਼ਤੇ ਦੀ ਅਹਿਮੀਅਤ ਨੂੰ ਸਾਹਮਣੇ ਰੱਖਦਿਆਂ ਡੂੰਘੇ ਦਿਲਾਂ ਤੋਂ ਮਾਣ-ਸਤਿਕਾਰ ਵੀ ਹੁੰਦਾ ਸੀ।

# ਜਾਣੇ ਅਨਜਾਣੇ ਹਲਾਲ ਮੀਟ ਦੀ ਵਰਤੋਂ ਕਰਨ ਤੋਂ ਬਚੋ

## ਯੂ ਕੇ ਵਿੱਚ ਪੰਜਾਬੀ ਸਿੱਖ ਬੱਚੇ ਅਣਗਹਿਲੀ ਕਾਰਨ ਹਲਾਲ ਮੀਟ ਖਾ ਰਹੇ ਨੇ ਬੱਚਿਆਂ ਨੂੰ ਹਲਾਲ ਮੀਟ ਦੀ ਵਰਤੋਂ ਨਾ ਕਰਨ ਬਾਰੇ ਜਾਣਕਾਰੀ ਦੇਣ ਸਬੰਧੀ ਮਾਪਿਆਂ ਨੂੰ




# ਪੁਰਜ਼ੋਰ ਅਪੀਲ

ਸਤਿਕਾਰਯੋਗ ਪੰਜਾਬੀ ਮਾਪਿਓ,

ਅਸੀਂ ਆਪ ਜੀ ਦੇ ਧਿਆਨ ਵਿੱਚ ਬਹੁਤ ਹੀ ਸੰਵੇਦਨਸ਼ੀਲ ਮੁੱਦਾ ਲਿਆਉਣਾ ਚਾਹੁੰਦੇ ਹਾਂ ਕਿ ਸਾਡੇ ਬੱਚੇ ਸਕੂਲਾਂ, ਕਾਲਜਾਂ ਅਤੇ ਕੰਮਾਂ ਦੀਆਂ ਥਾਂਵਾਂ 'ਤੇ ਖਾਣ ਪੀਣ ਸਮੇਂ ਜਾਣੇ ਅਣਜਾਣੇ ਥਾਂ ਤੇ ਖੁੱਲ੍ਹੀਆਂ ਫਰਾਈਡ ਚਿਕਨ ਦੀਆਂ ਦੁਕਾਨਾਂ ਤੋਂ ਜਿਹੜਾ ਮੀਟ ਲੈ ਕੇ ਖਾ ਰਹੇ ਹਨ, ਉਹ ਆਮ ਤੌਰ ਤੇ ਹਲਾਲ ਹੁੰਦਾ ਹੈ। ਬਹੁਤੀਆਂ ਦੁਕਾਨਾਂ ਵਾਲਿਆਂ ਨੇ ਤਾਂ 786 ਲਿਖਾ ਕੇ ਹਲਾਲ ਮੀਟ ਬਾਰੇ ਜਾਣਕਾਰੀ ਵੀ ਦਿੱਤੀ ਹੁੰਦੀ ਹੈ, ਪਰ ਸਾਡੇ ਬੱਚੇ ਤੇ ਨੌਜਵਾਨ ਇਸ ਵੱਲ ਗੌਰ ਨਹੀਂ ਕਰਦੇ। ਖਾਣਪੀਣ ਸਬੰਧੀ ਆਪਣੇ ਬੱਚਿਆਂ ਨੂੰ ਸਹੀ ਜਾਣਕਾਰੀ ਘਰ ਤੋਂ ਬਿਹਤਰ ਹੋਰ ਕਿਤਿਓਂ ਨਹੀਂ ਮਿਲ ਸਕਦੀ। ਪੰਜਾਬੀ ਮਾਪਿਆਂ ਨੂੰ ਸਾਡੇ ਵੱਲੋਂ ਅਪੀਲ ਹੈ ਕਿ ਉਹ ਆਪਣੇ ਬੱਚਿਆਂ ਨੂੰ ਹਲਾਲ ਮੀਟ ਨਾ ਖਾਣ ਬਾਰੇ ਜਾਣਕਾਰੀ ਦੇਣ ਤਾਂ ਜੋ ਜਿਹਨਾਂ ਦੀ ਵੱਟਤ ਕਰਵਾ ਕੇ ਹਲਾਲ ਮੀਟ ਖਾਧਾ ਜਾਂਦਾ ਹੈ, ਉਹਨਾਂ ਦੇ ਮਜ਼ਾਕ ਦੇ ਪਾਤਰ ਨਾ ਬਣੀਏ। ਕੁੱਠਾ (ਹਲਾਲ) ਮੀਟ ਸਾਡੇ ਗੁਰੂਆਂ ਪੀਰਾਂ ਵੱਲੋਂ ਮਨ੍ਹਾ ਕੀਤਾ ਹੈ।

### ਸਿੱਖਾਂ ਦੇ ਧਾਰਮਿਕ ਚਿੰਨ੍ਹ ਕੜੇ ਦੀ ਦੁਰਵਰਤੋਂ:-

ਕਈ ਹਲਾਲ ਮੀਟ ਦੀਆਂ ਰਿਟੇਲ ਅਤੇ ਹੋਲਸੇਲ ਦੁਕਾਨਾਂ ਉੱਤੇ ਪੰਜਾਬੀ ਬੰਦਿਆਂ ਦੇ ਹੱਥ ਕੜਾ ਪਵਾ ਕੇ ਮੀਟ ਵੇਚਣ ਲਈ ਮੂਹਰੇ ਖੜ੍ਹੇ ਕਰ ਦਿੱਤਾ ਜਾਂਦਾ ਹੈ ਤਾਂ ਕਿ ਗਾਹਕ ਨੂੰ ਮੀਟ ਦੇ ਹਲਾਲ ਕੀਤੇ ਜਾਣ ਦਾ ਪਤਾ ਨਾ ਲੱਗੇ। ਸਾਡੀ ਅਜਿਹੇ ਵੀਰਾਂ ਨੂੰ ਵੀ ਖਾਸ ਬੇਨਤੀ ਹੈ ਕਿ ਪੈਸੇ ਦੀ ਕਮਾਈ ਖਾਤਰ ਧਾਰਮਿਕ ਚਿੰਨ੍ਹ ਕੜੇ ਦੀ ਵਰਤੋਂ ਕਰਕੇ ਹਲਾਲ ਮੀਟ ਦੀਆਂ ਦੁਕਾਨਾਂ ਦੇ ਮਾਲਕਾਂ ਦੀ ਕਮਾਈ ਦਾ ਸਾਧਨ ਨਾ ਬਣੋ। ਕਈ ਟੇਕ ਅਵੇ ਅਤੇ ਮੀਟ ਵਾਲੇ ਰੈਸਟੋਰੈਂਟ (ਆਊਟਲਿਟਸ) ਤੇ ਕੜਾ ਪਾ ਕੇ ਮੀਟ ਵਰਤਾਇਆ ਜਾਂਦਾ ਹੈ, ਜਿਸ ਨਾਲ ਸਿੱਖ ਨੌਜਵਾਨ ਤੇ ਬੱਚੇ ਗੁੰਮਰਾਹ ਹੋ ਕੇ ਹਲਾਲ ਮੀਟ ਹੀ ਖਰੀਦ ਲੈਂਦੇ ਹਨ।

### ਭਾਰਤ ਵਿੱਚ ਵੀ ਹਲਾਲ ਮੀਟ ਦੀ ਵਰਤੋਂ ਆਮ ਹੈ:-

ਪੰਜਾਬੀਆਂ ਨੂੰ ਅਸੀਂ ਇਕ ਹੋਰ ਵਿਸ਼ੇਸ਼ ਜਾਣਕਾਰੀ ਦੇਣੀ ਚਾਹੁੰਦੇ ਹਾਂ ਕਿ ਪੰਜਾਬ ਤੋਂ ਬਾਹਰ ਭਾਰਤ ਦੇ ਵੱਡੇ ਹੋਟਲਾਂ ਵਿੱਚ ਵੀ ਹਲਾਲ ਮੀਟ ਹੀ ਵਰਤਾਇਆ ਜਾਂਦਾ ਹੈ ਜਿਸ ਦੀ ਪੁਸ਼ਟੀ ਉਹਨਾਂ ਦੇ ਮੁੱਖ ਖਾਨਸਾਮਿਆਂ ਵੱਲੋਂ ਗਾਹੇ ਬਗਾਹੇ ਕੀਤੀ ਗਈ ਹੈ। ਸੋ ਪੰਜਾਬੀਆਂ ਨੂੰ ਬੇਨਤੀ ਹੈ ਕਿ ਵੱਡੇ ਹੋਟਲਾਂ ਵਿੱਚ ਠਹਿਰਨ ਮੌਕੇ ਮੀਟ ਦੀ ਵਰਤੋਂ ਨਾ ਕੀਤੀ ਜਾਵੇ।

**ਸਾਨੂੰ ਪੂਰੀ ਉਮੀਦ ਹੈ ਕਿ ਆਪ ਜੀ ਸਾਡੀ ਬੇਨਤੀ ਨੂੰ ਸਵੀਕਾਰ ਕਰਦੇ ਹੋਏ, ਆਪਣੇ ਬੱਚਿਆਂ ਨੂੰ ਇਸ ਗੱਲ ਤੋਂ ਸਾਵਧਾਨ ਕਰੋਗੇ ਕਿ ਅਜਿਹੀਆਂ ਅਨਜਾਣ ਥਾਵਾਂ ਤੋਂ ਮੀਟ ਲੈ ਕੇ ਖਾਣ ਤੋਂ ਸੰਕੋਚ ਕੀਤਾ ਜਾਵੇ।**

# HALAL OR KUTTHA MEAT SERVED

## IN BRITISH SCHOOLS AND FRIED MEAT OUTLETS

## AWARE OUR YOUTH

Sikh community have a clear choice regarding halal meat and products as a Sikh religious right. Others like the animal rights groups object on grounds of cruelty to animals.

There are few taboos about food in Sikhism. However, eating "halal" (or "kuttha") meat of a ritually slaughtered animals in the Islamic way, is one of them. Many vulnerable Sikh children are eating halal meat of ritually killed animals in schools. We are also, unknowingly consuming meat and other food products and medicines which include "halal" ingredients.

Sikh fundamental belief is that the Creator dwells within His Creation. This belief is supported by the holy Sikh Scriptures, Sri Guru Granth Sahib, the eternal Guru of the Sikhs. Any form of ritual offering assumes an entity existing outside the creation.

**The ritual of making any offering or a sacrificial slaughter is against the Sikh belief.**

Sikhs and other consumers have the right to choice of food according to their religious or other dietary preference. Sikh parents must aware their children and young ones to aviod consuming meat prepared under "halal" or ("kuttha") terms.

# ਆਪ ਦੇ ਅਤੀ ਧੰਨਵਾਦੀ ਹੋਵਾਂਗੇ

ਦਲਜੀਤ ਸਿੰਘ ਫੁੱਲ, ਜਸਵਿੰਦਰ ਸਿੰਘ ਨਾਂਦਰਾ, ਸੁਖਦੇਵ ਸਿੰਘ ਰਾਵਾਂ, ਕੁਲਦੀਪ ਸਿੰਘ ਸੰਧੂ, ਜਸਕਰਨ ਸਿੰਘ ਰਾਵਾਂ, ਗੁਰਪਾਲ ਸਿੰਘ, ਅਜਮੇਲ ਸਿੰਘ ਦੁਸਾਂਝ, ਡਾ: ਗੁਰਪ੍ਰੀਤ ਸਿੰਘ ਨਾਗਰਾ

## ਇਤਿਹਾਸਕ ਗੁਰਦੁਆਰਾ ਸਾਹਿਬਾਂ ਦੀ ਕਾਰ ਸੇਵਾ ਵਿੱਚ ਯੋਗਦਾਨ ਪਾਉਣ ਵਾਲੇ

# ਬੀਬੀ ਮਹਿੰਦਰ ਕੌਰ ਜੀ ਸੁਰਗਵਾਸ

## ਬੀਬੀ ਜੀ ਦੀ ਨਿੱਘੀ ਯਾਦ ਵਿੱਚ ਸ੍ਰੀ ਗੁਰੂ ਸਿੰਘ ਸਭਾ ਗੁਰਦੁਆਰਾ ਡਰਬੀ ਵਿਖੇ 11 ਫਰਵਰੀ ਐਤਵਾਰ ਨੂੰ ਸ਼ਰਧਾਂਜ਼ਲੀ ਸਮਾਗਮ ਹੋਵੇਗਾ
















ਉਪਰ ਤਸਵੀਰਾਂ ਵਿੱਚ : ਮਾਤਾ ਮਹਿੰਦਰ ਕੌਰ ਜੀ, ਵੱਖ-ਵੱਖ ਸੇਵਾਵਾਂ ਵਿੱਚ ਸ਼ਾਮਿਲ ਹੁੰਦੇ ਹੋਏ ਅਤੇ ਹੇਠਲੀਆਂ ਤਸਵੀਰਾਂ 'ਚ ਲਾਹੌਰ ਵਿਖੇ ਪੰਜ ਪਿਆਰਿਆਂ ਵੱਲੋਂ ਗੁਰਦੁਆਰਾ ਸ਼ਹੀਦ ਗੰਜ ਸਿੰਘ ਸਿੰਘਣੀਆਂ ਦਾ ਨੀਂਹ ਪੱਥਰ ਰੱਖਣ ਸਮੇਂ ਸੇਵਾ ਵਿੱਚ ਹਾਜ਼ਰ ਹੁੰਦੇ ਹੋਏ ਬੀਬੀ ਮਹਿੰਦਰ ਕੌਰ ਜੀ

ਵਾਹਿਗੁਰੂ ਜੀ ਕਾ ਖਾਲਸਾ ॥
ਵਾਹਿਗੁਰੂ ਜੀ ਕੀ ਫਤਹਿ ॥

ਬਹੁਤ ਸਾਰੇ ਇਤਿਹਾਸਕ ਗੁਰਦੁਆਰਾ ਸਾਹਿਬਾਨ ਦੀਆਂ ਸੇਵਾਵਾਂ ਵਿੱਚ ਯੋਗਦਾਨ ਪਾਉਣ ਵਾਲੇ ਬੀਬੀ ਮਹਿੰਦਰ ਕੌਰ ਜੀ ਪਿਛਲੇ ਦਿਨੀਂ ਅਕਾਲ ਚਲਾਣਾ ਕਰ ਗਏ ਸਨ। ਉਹਨਾਂ ਦਾ ਜਨਮ 1938 ਨੂੰ ਅਣਵੰਡੇ ਪੰਜਾਬ (ਅੱਜਕਲ੍ਹ ਪਾਕਿ-ਸਤਾਨ ਵਿੱਚ ਗੁੱਜਰਾਂਵਾਲਾ ਵਿਖੇ) ਹੋਇਆ ਸੀ। ਉਨ੍ਹਾਂ ਦੇ ਜੀਵਨ ਸਾਥੀ ਕਾਫ਼ੀ ਸਮਾਂ ਪਹਿਲਾਂ ਸੁਰਗਵਾਸ ਹੋ ਗਏ ਸਨ। ਬੀਬੀ ਜੀ ਆਪਣੇ ਪਿੱਛੇ ਇਕ ਲੜਕਾ ਤੇ ਦੋ ਲੜਕੀਆਂ ਦੇ ਪਰਿਵਾਰ ਛੱਡ ਗਏ ਹਨ।

ਬੀਬੀ ਮਹਿੰਦਰ ਕੌਰ ਜੀ ਨੇ ਕਈ ਸਾਲ ਕਾਰ ਸੇਵਾ ਵਾਲੇ ਬਾਬਾ ਜਗਤਾਰ ਸਿੰਘ ਜੀ ਅਤੇ ਬਾਬਾ ਸ਼ੀਸ਼ਾ ਸਿੰਘ ਜੀ ਹਜ਼ੂਰ ਸਾਹਿਬ ਵਾਲਿਆਂ ਨਾਲ ਵੀ ਸੇਵਾ ਵਿੱਚ ਯੋਗਦਾਨ ਪਾਇਆ। ਇਹਨਾਂ ਦੇ ਇਲਾਵਾ ਬਾਬਾ ਬਲਵਿੰਦਰ ਸਿੰਘ ਜੀ ਨੂੰ ਵੀ ਸਹਿਯੋਗ ਦਿੰਦੇ ਰਹੇ। ਭਾਈ ਕੇਹਰ ਸਿੰਘ ਜੀ ਪਾਸੋਂ ਮਿਲੀ ਜਾਣਕਾਰੀ ਮੁਤਾਬਕ ਉਸ ਉਪਰੰਤ ਤਕਰੀਬਨ 1984 ਤੋਂ ਬਾਅਦ ਬੀਬੀ ਜੀ ਨੇ ਕਾਰ ਸੇਵਾ ਕਮੇਟੀ ਸਿੱਖ ਗੁਰਧਾਮ ਪਾਕਿਸਤਾਨ ਦੇ ਸੇਵਾਦਾਰਾਂ ਨੂੰ ਬਹੁਤ ਸਹਿਯੋਗ ਦਿੱਤਾ। ਸੰਗਤਾਂ ਵਿੱਚ ਵਿਚਰਦੇ ਹੋਏ ਜਿੰਨੀ ਮਾਇਆ ਇਕੱਠੀ ਹੁੰਦੀ ਬੀਬੀ ਜੀ ਇਨ੍ਹਾਂ ਸੇਵਾਦਾਰਾਂ ਨੂੰ ਗੁਰੂ ਘਰਾਂ ਦੀ ਸੇਵਾ ਵਾਸਤੇ ਅਰਪਿਤ ਕਰ ਦਿੰਦੇ ਸਨ। ਇਸ ਦੇ ਇਲਾਵਾ ਉਹਨਾਂ ਜਹਾਜ਼ ਹਵੇਲੀ ਦੀ ਸਾਂਭ ਸੰਭਾਲ ਲਈ ਮੁਢਲੇ ਸਮੇਂ ਦੌਰਾਨ ਕਾਫ਼ੀ ਯੋਗਦਾਨ ਪਾਇਆ। ਬੀਬੀ ਜੀ ਉਸ ਸਥਾਨ ਤੇ ਯਾਦਗਾਰ ਬਨਵਾਉਣੀ ਚਾਹੁੰਦੇ ਸਨ, ਜਿੱਥੇ ਮਾਤਾ ਗੁਜਰੀ ਜੀ ਨੇ ਸਿਰਸਾ ਨਦੀ 'ਤੇ ਪਏ ਪਰਿਵਾਰ ਵਿਛੋੜੇ ਤੋਂ ਬਾਅਦ ਛੋਟੇ ਸਾਹਿਬਜ਼ਾਦਿਆਂ ਸਮੇਤ ਮਾਛੀ ਕੁੰਮਾ ਦੀ ਝੌਂਪੜੀ ਵਿੱਚ ਵਿੱਚ ਰਾਤ ਗੁਜਾਰੀ ਸੀ। ਇਸ ਵਾਸਤੇ ਉਹਨਾਂ ਨੇ ਜ਼ਮੀਨ ਖਰੀਦਣ ਦਾ ਪ੍ਰਬੰਧ ਵੀ ਕਰ ਲਿਆ ਸੀ, ਪਰ ਬਾਅਦ ਵਿੱਚ ਇਹ ਸੇਵਾ ਨੇਪਰੇ ਨਾ ਚੜ੍ਹ ਸਕੀ। ਪਾਕਿਸਤਾਨ ਵਿੱਚ ਜਦੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਤੇ ਹਰ ਸਾਲ ਨਗਰ ਕੀਰਤਨ ਆਯੋਜਿਤ ਕੀਤਾ ਜਾਂਦਾ, ਬੀਬੀ ਜੀ ਪੰਜ ਪਿਆਰਿਆਂ ਅਤੇ ਨਿਸ਼ਾਨ ਸਾਹਿਬ ਵਾਲੇ ਸਿੰਘਾਂ ਦੇ ਬਸਤਰ ਵੀ ਹਰ ਸਾਲ ਪੰਜਾਬ ਤੋਂ ਲੈ ਕੇ ਜਾਇਆ ਕਰਦੇ ਸਨ। ਉਹਨਾਂ ਨੇ ਇਹ ਸੇਵਾਵਾਂ 30 ਸਾਲ ਤੋਂ ਵੀ ਵੱਧ ਸਮੇਂ ਤੱਕ ਨਿਭਾਈਆਂ।

ਬੀਬੀ ਜੀ ਦੀ ਯਾਦ ਵਿੱਚ ਸ੍ਰੀ ਗੁਰੂ ਸਿੰਘ ਸਭਾ ਗੁਰਦੁਆਰਾ ਡਰਬੀ ਵਿਖੇ ਦਿੱਤੇ ਹੋਏ ਪ੍ਰੋਗਰਾਮ ਅਨੁਸਾਰ ਐਤਵਾਰ 11 ਫਰਵਰੀ ਨੂੰ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਕਰਵਾ ਕੇ ਉਹਨਾਂ ਨੂੰ ਸ਼ਰਧਾ ਦੇ ਫੁੱਲ ਅਰਪਿਤ ਕੀਤੇ ਜਾਣਗੇ। ਸਵੇਰੇ 9 ਵਜੇ ਪਾਠ ਅਰੰਭ ਹੋਵੇਗਾ ਤੇ 10:45 ਵਜੇ ਭੋਗ ਪਵੇਗਾ। ਉਪਰੰਤ ਗੁਰਬਾਣੀ ਕੀਰਤਨ ਹੋਵੇਗਾ।

**Gurdwara Sri Guru Singh Sabha, Princes Street, Derby, DE23 8NT**